ਆਕਾਸ਼ ਉਡਾਰੀ

ਮਾ: ਤਾਰਾ ਸਿੰਘ ਤਾਰਾ

ਸਿਖ ਪਬਲਿਸ਼ਿੰਗ ਹਾਊਸ ਲਿਮਿਟਿਡ
ਅੰਮ੍ਰਿਤਸਰ * ਨਵੀਂ ਦਿਲੀ

ਦੂਜੀ ਵਾਰ
ਜਨਵਰੀ ੧੯੫੬
ਮੁਲ ਦੋ ਰੁਪਏ

ਪ੍ਰਿੰਟਰ : ਕੁਲਦੀਪ ਸਿੰਘ ਕੁਲਦੀਪ ਈਲੈਕਟ੍ਰਿਕ ਪ੍ਰੈਸ,
ਕਚਹਿਰੀ ਰੋਡ, ਅੰਮ੍ਰਿਤਸਰ

ਪਬਲਿਸ਼ਰ : ਮੁਬਾਰਕ ਸਿੰਘ ਐਮ. ਏ.
ਸਿਖ ਪਬਲਿਸ਼ਿੰਗ ਹਾਊਸ ਲਿਮਿਟਿਡ
ਕੁਈਨਜ਼ ਰੋਡ, ਅੰਮ੍ਰਿਤਸਰ

ਸਮਰਪਨ

ਭੇਟਾ ਪਿਆਰਿਆਂ ਦੀ, ਪੁਸਤਕ ਕਰਾਂ ਨਿਮਾਣੀ।
ਧਨ ਭਾਗ ਜੇ ਕਬੂਲਨ, ਇਹ ਪਿਆਰ ਦੀ ਨਿਸ਼ਾਨੀ।
ਮਨਾਂ ਨੂੰ 'ਮੋਹਨ' ਵਾਲੇ ਸੂਰਜ ਤੁਸੀਂ ਹੋ ਮੇਰੇ,
ਚਮਕੇ ਤੁਹਾਡੇ ਸਦਕੇ, 'ਤਾਰਾ' ਇਹ ਆਸਮਾਨੀ।

ਸ੍ਰੀ ਮਾਨ ਸਰਦਾਰ ਬਹਾਦਰ ਸਰਦਾਰ ਮੋਹਨ ਸਿੰਘ ਜੀ ਐਮ. ਐਲ. ਸੀ. ਰਈਸ ਆਜ਼ਮ ਤੇ ਆਨਰੇਰੀ ਮੈਜਿਸਟਰੇਟ ਰਾਵਲ ਪਿੰਡੀ ਜੋ ਵਿਦਵਾਨਾਂ ਦੇ ਕਦਰਦਾਨ ਅਤੇ ਪੰਜਾਬੀ ਦੀ ਬ੍ਰਿਧੀ ਦੇ ਚਾਹਵਾਨ ਹਨ, ਅਤੇ ਜਿਨ੍ਹਾਂ ਦੀ ਅਦੁਤੀ ਵਿਦਵਤਾ, ਯੋਗਤਾ, ਨਿਆਇ ਤੇ ਬੇਅੰਤ ਸ਼ੁਭ ਗੁਣਾਂ ਦੇ ਕਾਰਨ ਇਨ੍ਹਾਂ ਨੂੰ ਪੰਥ ਵਿਚ ਅਦੁਤੀ ਮਾਣ ਹਾਸਲ ਹੈ, ਤੇ ਜਿਨ੍ਹਾਂ ਦੀ ਮਿਹਰ ਤੇ ਸਤਿਸੰਗ ਦਾ ਸਦਕਾ ਦਾਸ ਨੂੰ ਪੰਜਾਬੀ ਨਾਲ ਇਸ ਕਦਰ ਪਿਆਰ ਪਿਆ ਹੈ—ਦੇ ਪਵਿਤਰ ਕਰ-ਕਮਲਾਂ ਵਿਚ ਇਹ ਨਿਮਾਣੀ ਤੇ ਤੁਛ ਪੁਸਤਕ, ਬੜੇ ਆਦਰ, ਮਾਨ, ਨਿਮਰਤਾ ਅਤੇ ਪ੍ਰੇਮ ਸਹਿਤ ਸਮਰਪਨ ਕਰਦਾ ਹਾਂ।

ਕਨੋਹਾ
੨੯-੧੨-੩੧

ਤਾਰਾ ਸਿੰਘ ਤਾਰਾ

ਜਾਣ ਪਛਾਣ

ਮੈਨੂੰ ਸ੍ਰ. ਤਾਰਾ ਸਿੰਘ ਜੀ ਤਾਰਾ ਦੀ ਪੰਜਾਬੀ ਦੇ ਪਿਆਰਿਆਂ ਨਾਲ ਜਾਣ ਪਛਾਣ ਕਰਾਣ ਵਿਚ ਖ਼ਾਸ ਖ਼ੁਸ਼ੀ ਹਾਸਲ ਹੋ ਰਹੀ ਹੈ। 'ਤਾਰਾ' ਜੀ ਇਕ ਨੌਜਵਾਨ ਤੇ ਹੋਣਹਾਰ ਪੰਜਾਬੀ ਕਵੀ ਹਨ। ਹਾਲਾਂ ਇਨ੍ਹਾਂ ਦੀ ਆਯੂ ਮਸਾਂ ੨੦ ਕੁ ਸਾਲ ਦੀ ਹੋਵੇਗੀ, ਪਰ ਇਨ੍ਹਾਂ ਦੀਆਂ ਇਹ ਪਹਿਲੀਆਂ ਕਵਿਤਾਵਾਂ ਪੜ੍ਹਨ ਤੋਂ ਹੀ ਆਸ ਬਝਦੀ ਹੈ ਕਿ ਇਹ ਕਿਸੇ ਦਿਨ ਨੂੰ ਪੰਜਾਬੀ ਕਵਿਤਾ ਦੇ ਆਕਾਸ਼ ਵਿਚ ਸਚ ਮੁਚ ਤਾਰੇ ਵਾਂਗ ਚਮਕਣਗੇ।

'ਆਕਾਸ਼ ਉਡਾਰੀ' ਨਾਮ ਦੀ ਪੁਸਤਕ ਆਪ ਨੇ ਛਪਵਾਈ ਹੈ। ਇਸ ਵਿਚ ਆਪ ਦੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ। ਪੁਸਤਕ ਦੇ ਚਾਰ ਹਿਸੇ ਹਨ—

੧. ਧਾਰਮਕ ਕਵਿਤਾਵਾਂ।
੨. ਖੁਲ੍ਹੀਆਂ ਕਵਿਤਾਵਾਂ।
੩. ਪ੍ਰੇਮ ਤੇ ਬਿਰਹੋਂ।
੪. ਸੇਹਰੇ ਤੇ ਅਸੀਸਾਂ।

ਮਜ਼ਮੂਨਾਂ ਤੇ ਖ਼ਿਆਲਾਂ ਵਿਚ ਨਵੀਨਤਾਈ ਹੈ, ਕਵਿਤਾ ਵਿਚ ਰਵਾਨਗੀ ਹੈ ਅਤੇ ਤੁਕ ਤੁਕ ਵਿਚ ਤਾਰਾ ਜੀ ਦੇ ਦਿਲ ਦਾ ਉਤਸ਼ਾਹ ਤੇ ਉਮੰਗਾਂ ਟਪਕਦੀਆਂ ਹਨ।

ਪਿਛਲੇ ਕੁਝ ਸਾਲਾਂ ਤੋਂ ਕਈ ਪੰਜਾਬੀ ਕਵੀਆਂ ਨੇ ਆਪਣੇ ਸੰਗ੍ਰਹਿ ਪਰਕਾਸ਼ਤ ਕੀਤੇ ਹਨ। ਇਹ ਪੰਜਾਬੀ ਕਵਿਤਾ ਦੀ ਉੱਨਤੀ ਤੇ ਸਾਹਿਤ ਵਾਧੇ ਦੇ ਸੋਹਣੇ ਨਿਸ਼ਾਨ ਹਨ। 'ਆਕਾਸ਼ ਉਡਾਰੀ' ਵੀ ਪੰਜਾਬੀ ਕਵਿਤਾ ਦੇ ਭੰਡਾਰੇ ਵਿਚ ਇਕ ਸੁੰਦਰ ਵਾਧਾ ਸਾਬਤ ਹੋਵੇਗੀ।

ਚੰਗਾ ਤੇ ਕਾਮਯਾਬ ਕਵੀ ਉਹੀ ਹੋ ਸਕਦਾ ਹੈ, ਜੋ ਆਪਣੇ ਦਿਲੀ ਵਲਵਲਿਆਂ ਨੂੰ ਨਿਰਭੈਤਾ ਨਾਲ ਪ੍ਰਗਟ ਕਰਨ ਦੀ ਦਲੇਰੀ ਕਰ ਸਕਦਾ ਹੋਵੇ। ਕਿਸੇ ਲੋਭ, ਲਾਲਚ, ਖ਼ੁਸ਼ਾਮਦ, ਜਾਂ ਡਰ ਕਰ ਕੇ ਜੋ ਕਵਿਤਾ ਕੀਤੀ ਜਾਂਦੀ ਹੈ, ਉਹ ਕਵਿਤਾ ਨਹੀਂ ਹੁੰਦੀ, ਉਹ ਤਾਂ ਮਜ਼ੂਰੀ ਹੁੰਦੀ ਹੈ। 'ਤਾਰਾ' ਜੀ ਨੇ ਆਪਣੀ ਕਵਿਤਾ ਦਾ ਨਿਸ਼ਾਨਾ ਬਹੁਤ ਉੱਚਾ ਰਖਿਆ ਹੈ। ਲਿਖਦੇ ਹਨ–

ਡਰਦੇ ਲੋਕ ਇਸ ਲੋਕ ਦੇ ਮਿਹਣਿਆਂ ਤੋਂ,
ਮੈਨੂੰ ਰਤੀ ਨਾ ਏਸ ਸੰਸਾਰ ਦਾ ਡਰ।
ਲੋਕੀ ਧੌਂਸ ਹਥਿਆਰਾਂ ਦੀ ਦਸਦੇ ਨੇ,
ਮੈਨੂੰ ਤੀਰ ਨਾ ਤੋਪ ਤਲਵਾਰ ਦਾ ਡਰ। ... ...

... ... ਨਾ ਹੁਕਮ, ਹਕੂਮਤ ਨਾ ਹਾਕਮ ਦਾ ਡਰ,
ਮੈਨੂੰ ਕੈਦ ਫ਼ਾਂਸੀ ਨਾ ਸਰਕਾਰ ਦਾ ਡਰ।

ਡਰਾਂ ਮੈਂ ਨਾ ਕਿਸੇ ਦੇ ਪਿਉ ਕੋਲੋਂ,
ਮੈਨੂੰ ਤਾਰਿਆ ਇਕ ਕਰਤਾਰ ਦਾ ਡਰ।

ਵਾਹਿਗੁਰੂ ਕਰੇ 'ਤਾਰਾ' ਜੀ ਦੇ ਹਿਰਦੇ ਵਿਚ ਨਿਰਭੈਤਾ ਸਦਾ ਵੱਸਦੀ ਰਹੇ ਤੇ ਉਹ ਇਸ ਉਤੇ ਅਡੋਲ ਰਹਿਣ। ਸਿਖ ਕਵੀ ਆਮ ਤੌਰ ਤੇ ਧਾਰਮਕ ਕਵਿਤਾਵਾਂ ਲਿਖਦੇ ਹਨ। 'ਤਾਰਾ' ਜੀ ਨੇ ਵੀ ਧਾਰਮਕ ਕਵਿਤਾਵਾਂ ਲਿਖੀਆਂ ਹਨ। ਇਹ ਤਾਂ ਪੁਰਾਣੀਆਂ ਲੀਹਾਂ ਤੇ ਹੀ ਹਨ ਪਰ ਆਪ ਨੇ ਜੋ ਦੇਸ਼ ਪਿਆਰ, ਪਿੰਡ ਸੁਧਾਰ ਤੇ ਭਾਈਚਾਰਕ ਸੁਧਾਰ ਸਬੰਧੀ ਨਜ਼ਮਾਂ ਲਿਖੀਆਂ ਹਨ ਉਹ ਬਹੁਤ ਹੀ ਸੁੰਦਰ ਤੇ ਲਾਭਦਾਇਕ ਹਨ। ਅਜਿਹੀਆਂ ਕਵਿਤਾਵਾਂ ਦੀ ਲੋੜ ਵੀ ਜ਼ਿਆਦਾ ਹੈ।

ਪੇਂਡੂ ਤੇ ਸ਼ਹਿਰੀ ਜੀਵਨ ਦਾ ਡਾਢਾ ਸੁਆਦਲਾ ਮੁਕਾਬਲਾ ਕੀਤਾ ਹੈ ਪਰ ਕਈ ਸ਼ਬਦ ਠੁਲ੍ਹੇ ਵੀ ਵਰਤੇ ਗਏ ਹਨ, ਤੇ ਸ਼ਹਿਰੀਆਂ ਦੀ ਭੰਡੀ ਵੀ ਜ਼ਿਆਦਾ ਕੀਤੀ ਹੈ। 'ਮਾਂ ਦਾ ਪਿਆਰ', 'ਖਰੀਆਂ ਖਰੀਆਂ', 'ਬਦੇਸ਼ੀ ਵਿਦਿਆ', ਤੇ 'ਦੇਸ਼ ਪਿਆਰ' ਵਾਲੀਆਂ ਕਵਿਤਾਵਾਂ ਚੰਗੇ ਨਮੂਨੇ ਦੀਆਂ ਨਜ਼ਮਾਂ ਹਨ। ਆਪਣੇ ਵਤਨ ਦਾ ਪਿਆਰ ਕਿਡੇ ਸੋਹਣੇ ਸ਼ਬਦਾਂ ਵਿਚ ਪ੍ਰਗਟ ਕੀਤਾ ਹੈ:—

ਜੇਕਰ ਕਿਧਰੇ ਖ਼ੁਸ਼ੀ ਦੇ ਵਿਚ ਆਵਾਂ,
ਤਾਂ ਭੀ ਗੀਤ ਗਾਵਾਂ ਹਿੰਦੁਸਤਾਨ ਦੇ ਹੀ।
ਜੇ ਕਰ ਵਿਛੜ ਕੇ ਕਿਤੇ ਪਰਦੇਸ ਜਾਵਾਂ,
ਤਾਂ ਵੀ ਸੁਖ ਚਾਹਵਾਂ ਹਿੰਦੁਸਤਾਨ ਦੇ ਹੀ।

ਮੰਗਾਂ ਰਬ ਤੋਂ ਜੋੜ ਕੇ ਹਥ ਇਹੋ,

ਮੈਂ ਕੁਰਬਾਨ ਜਾਵਾਂ ਹਿੰਦੁਸਤਾਨ ਦੇ ਹੀ।
ਮਰਾਂ ਵਤਨ ਬਦਲੇ, ਜੀਵਾਂ ਵਤਨ ਬਦਲੇ,
ਲੇਖੇ ਜਾਨ ਲਾਵਾਂ ਹਿੰਦੁਸਤਾਨ ਦੇ ਹੀ।

ਹੋਰ ਦੇਸ਼ ਵਲੈਤਾਂ ਦਾ ਪਿਆਰ ਛਡ ਕੇ,
ਹਿੰਦੁਸਤਾਨ ਹੀ ਦਿਲੋਂ ਪਿਆਰਾ ਸਮਝਾਂ।
ਹੋਵਾਂ ਹਿੰਦ ਦਾ ਮੈਂ ਤੇ ਹਿੰਦ ਮੇਰੀ,
ਹਿੰਦੁਸਤਾਨ ਨੂੰ ਅਖਾਂ ਦਾ 'ਤਾਰਾ' ਸਮਝਾਂ।

ਸ੍ਰ. ਤਾਰਾ ਸਿੰਘ ਜੀ ਦੇ ਦਿਲ ਵਿਚ ਕਵੀ ਬਣਨ ਅਤੇ ਕਵਿਤਾ ਰਚਣ ਦਾ ਸ਼ੌਕ ਅਥਾਹ ਭਰਿਆ ਪਿਆ ਹੈ। ਰਾਹ ਵੀ ਇਹ ਚੰਗੇ ਪੈ ਗਏ ਹਨ। ਇਸ਼ਕੀਆ ਤੇ ਪ੍ਰੇਮ ਪਿਆਰ ਦੀਆਂ ਕਵਿਤਾ ਲਿਖਣ ਦੀ ਬਜਾਏ ਇਨ੍ਹਾਂ ਨੇ ਭਾਈਚਾਰਕ ਤੇ ਪਿੰਡ-ਸੁਧਾਰ ਵੱਲ ਵਧੇਰੇ ਧਿਆਨ ਦੇਣਾ ਅਰੰਭ ਦਿਤਾ ਹੈ।

ਜੇ ਇਨ੍ਹਾਂ ਨੂੰ ਪੰਜਾਬੀ ਪਿਆਰਿਆਂ ਵਲੋਂ ਭੀ ਹੌਸਲਾ ਮਿਲਦਾ ਰਿਹਾ ਤੇ ਇਨ੍ਹਾਂ ਦੇ ਉਤਸ਼ਾਹ ਨੂੰ ਵਧਾਇਆ ਜਾਂਦਾ ਰਿਹਾ ਤਾਂ ਮੈਨੂੰ ਆਸ ਹੈ ਕਿ 'ਤਾਰਾ' ਜੀ ਪੰਜਾਬੀ ਬੋਲੀ ਦੇ ਸਚੇ ਸੇਵਕ ਸਾਬਤ ਹੋਣਗੇ ਅਤੇ ਪੰਜਾਬੀ ਕਵਿਤਾ ਦੀ ਵੀ ਸੋਭਾ ਵਧਾਉਣਗੇ।

੨੯-੧੨-੩੧ ਹੀਰਾ ਸਿੰਘ ਦਰਦ

ਲੇਖ-ਸੂਚੀ

ਭਾਗ ਪਹਿਲਾ—

ਧਾਰਮਕ ਕਵਿਤਾਵਾਂ

ਭਾਗ ਦੂਜਾ—

ਖੁਲ੍ਹੀਆਂ ਕਵਿਤਾਵਾਂ

ਭਾਗ ਤੀਜਾ—
ਪ੍ਰੇਮ ਤੇ ਬਿਰਹੋਂ

ਭਾਗ ਚੌਥਾ—

ਸਿੱਖਿਆ, ਸੇਹਰੇ, ਅਸੀਸਾਂ

ਭਾਗ ਪਹਿਲਾ

ਧਾਰਮਕ ਕਵਿਤਾਵਾਂ

ਅਕਾਸ਼ ਉਡਾਰੀ

ਅਰਸ਼ੀ ਪਰੀਤਮਾਂ ਵੇ,
ਸਦਕੇ ਮੈਂ ਤੈਥੋਂ ਵਾਰੀ।
ਮਨਾਂ ਨੂੰ 'ਮੋਹਨ' ਵਾਲੀ,
ਕੁਦਰਤ ਤਿਰੀ ਪਿਆਰੀ।
ਨੀਵਾਂ ਹਾਂ ਮੈਂ ਨਿਮਾਣਾ,
ਉੱਚਾ ਤੇਰਾ ਟਿਕਾਣਾ,
ਉੱਚੇ ਨੇ ਮਹਿਲ ਤੇਰੇ,
ਉੱਚੀ ਤੇਰੀ ਅਟਾਰੀ।
ਤੂੰ ਹੈਂ ਬੇਅੰਤ ਮਾਲਕ,
ਜਾਣਾ ਨਾ ਅੰਤ ਤੇਰਾ,
ਤੇਰੇ ਹੁਕਮ ਦੀ ਬੱਧੀ,
ਹੋਈ ਸ੍ਰਿਸ਼ਟੀ ਸਾਰੀ।
ਸੂਰਜ ਤੇ ਚੰਨ ਤੇਰੇ;
'ਤਾਰੇ' ਵੀ ਹੈਨ ਤੇਰੇ।
ਸਦਕੇ ਤੇਰੇ ਹੁਕਮ ਦੇ,
ਲਾਈ 'ਅਕਾਸ਼ ਉਡਾਰੀ'।

ਬੇਨਤੀ

ਉਮਰ ਛੋਟੀ ਹੈ ਮਿਰੀ,
ਮੈਂ ਬਾਲ ਹਾਂ ਨਾਦਾਨ ਹਾਂ।
ਅਕਲ ਭੀ ਮੈਨੂੰ ਨਹੀਂ,
ਬਿਲਕੁਲ ਅਜੇ ਅਨਜਾਣ ਹਾਂ।
ਗੁਣ ਨਹੀਂ ਪੱਲੇ ਕੁਈ,
ਮੈਂ ਨਾ ਬਲੀ ਬਲਵਾਨ ਹਾਂ।
ਮੂੜ ਹਾਂ, ਬੇਸਮਝ ਹਾਂ,
ਮੈਂ ਨਾਂ ਕੋਈ ਵਿਦਵਾਨ ਹਾਂ।
ਬਖ਼ਸ਼ ਮੈਨੂੰ ਸਤਿਗੁਰੂ,
ਮੈਂ ਭੀ ਤੇਰੀ ਸੰਤਾਨ ਹਾਂ।

ਔਗਣਾਂ ਦੀ ਪੰਡ ਹਾਂ,
ਪਾਪੀ ਹਾਂ, ਮੈਂ ਨਾਪਾਕ ਹਾਂ।
ਹਥ ਜੋੜ ਵਿਦਿਆ ਦਾਤਿਆਂ ਦੇ
ਚਾਕਰਾਂ ਦਾ ਚਾਕ ਹਾਂ।
ਸਾਦਗੀ ਗਹਿਣਾ ਮਿਰਾ,
ਨਾ ਸ਼ੋਖ਼ ਨਾ ਚਾਲਾਕ ਹਾਂ।
ਹੇ ਮੇਰੇ ਦਾਤਾਰ ਮੈਂ ਤਾਂ,
ਦਰ ਤੇਰੇ ਦੀ ਖ਼ਾਕ ਹਾਂ।
ਬਖ਼ਸ਼ ਬਖ਼ਸ਼ਨ ਹਾਰਿਆ,
ਮੈਂ ਭੀ ਤੇਰਾ ਕੁਝ ਸਾਕ ਹਾਂ।

ਕਰਤਾਰ ਦਾ ਡਰ

ਡਰਦੇ ਲੋਕ ਇਸ ਲੋਕ ਦੇ ਮਿਹਣਿਆਂ ਤੋਂ,
ਮੈਨੂੰ ਰਤੀ ਨਾ ਇਸ ਸੰਸਾਰ ਦਾ ਡਰ।
ਮੰਨਾਂ ਮੈਂ ਨਾ ਨਰਕ ਸੁਵਰਗ ਤਾਂਈਂ,
ਮੈਨੂੰ ਕਾਲ ਨਾ ਕਾਲ ਦੀ ਮਾਰ ਦਾ ਡਰ।
ਲੋਕੀ ਧੌਂਸ ਹਥਿਆਰਾਂ ਦੀ ਦੱਸਦੇ ਨੇ,
ਮੈਨੂੰ ਤੀਰ ਨਾ ਤੋਪ ਤਲਵਾਰ ਦਾ ਡਰ।
ਨਾ ਸੱਪ ਨਾ ਸ਼ੇਰ ਖ਼ੂੰਖ਼ਾਰ ਦਾ ਡਰ,
ਮੈਨੂੰ ਕਿਸੇ ਨਾ ਚੋਰ ਚਕਾਰ ਦਾ ਡਰ।
ਨਾ ਹੁਕਮ, ਹਕੂਮਤ ਨਾ ਹਾਕਮ ਦਾ ਡਰ,
ਮੈਨੂੰ ਕੈਦ ਫਾਂਸੀ ਨਾ ਸਰਕਾਰ ਦਾ ਡਰ।
ਡਰਾਂ ਮੈਂ ਨਾ ਕਿਸੇ ਦੇ ਪਿਓ ਕੋਲੋਂ,
ਮੈਨੂੰ "ਤਾਰਿਆ" ਇੱਕ ਕਰਤਾਰ ਦਾ ਡਰ।

ਮਨੁੱਖ ਦਾ ਜਨਮ ਹੀਰਾ

ਲੱਖ ਖ਼ਰਚਿਆਂ ਹੱਥ ਨਾ ਆਏ ਮੁੜ ਕੇ,
ਐਸਾ ਸਮਾਂ ਅਮੋਲਕ ਖੁੰਝਾ ਦਿੱਤਾ।
ਕੁਝ ਸੋਚਿਆ ਨਾ, ਕੁਝ ਸਮਝਿਆ ਨਾ,
ਪੈਰ ਪਾਪਾਂ ਦੀ ਬੇੜੀ 'ਚ ਪਾ ਦਿੱਤਾ।
ਸੁੱਚਾ ਮੋਤੀ ਮਨੁੱਖ ਦਾ ਜਨਮ ਹੀਰਾ,
ਪੰਜਾਂ ਚੋਰਾਂ ਦੇ ਹੱਥੀਂ ਲੁਟਾ ਦਿੱਤਾ।
ਫੱਸ ਕੇ ਵਿਸ਼ੇ ਵਿਕਾਰਾਂ ਦੀ ਫਾਹੀ ਅੰਦਰ,
ਦੇਵਣਹਾਰ ਦਾਤਾਰ ਭੁਲਾ ਦਿੱਤਾ।
ਜਿਵੇਂ ਮੂਰਖ ਘੁਮਿਆਰ ਨੂੰ ਲਾਲ ਮਿਲਿਆ
ਉਸ ਸੀ ਖੋਤੇ ਦੇ ਗੱਲ ਲਟਕਾ ਦਿੱਤਾ।
ਤਿਵੇਂ 'ਤਾਰੇ' ਮਨੁੱਖ ਦਾ ਜਨਮ ਹੀਰਾ,
ਐਵੇਂ ਕੌਡੀ ਦੇ ਬਦਲੇ ਗੰਵਾ ਦਿਤਾ।

ਹੋ ਜਾ ਇਕ ਦਾ

ਹੇ ਮਨਾਂ ਬੇਠੌਰਿਆ !
ਕਿਉਂ ਇਕ ਥਾਂਵੇਂ ਨਹੀਂ ਟਿਕਦਾ ?
ਐਧਰ ਔਧਰ ਭਟਕਣ ਨਾਲੋਂ,
ਕਿਉਂ ਹੋ ਜਾਂਦਾ ਨਹੀਂ ਇਕ ਦਾ ?
ਹੱਟੀ ਹੱਟੀ ਹੋਕਾ ਦੇ ਕੇ,
ਕਿਉਂ ਬੇਕਦਰਾ ਹੋਵੇਂ ?
ਲਖੋਂ ਮਹਿੰਗਾ ਜਨਮ ਅਮੋਲਕ,
ਤੇਰਾ ਕੌਡੀ ਬਦਲੇ ਵਿਕਦਾ।

ਵਾਹਿਗੁਰੂ ਅਕਾਲ ਜਪੁ

ਭੋਲੇ ਮਨਾਂ ਮੇਰਿਆ ਤੂੰ ਮੰਨ ਇਕ ਗੱਲ ਮੇਰੀ,
ਸਾਈਂ ਨੂੰ ਚਿਤਾਰ ਸੰਸਾਰ ਨੂੰ ਤਿਆਗ ਦੇ।
ਜਿਨ੍ਹਾਂ ਸੰਗ ਬੈਠਿਆਂ ਨਾ ਯਾਦ ਕਰਤਾਰ ਆਵੇ,
ਰੱਬ ਵਲੋਂ ਭੁਲੇ ਪਰਵਾਰ ਨੂੰ ਤਿਆਗ ਦੇ।
ਵਿਸ਼ੇ ਤੇ ਵਿਕਾਰਾਂ ਨੂੰ ਵਧਾਣ ਵਾਲੇ ਭੋਜਨਾਂ ਤੇ,
ਮਾਸ ਤੇ ਸ਼ਰਾਬ ਦੇ ਅਹਾਰ ਨੂੰ ਤਿਆਗ ਦੇ।
ਰੱਬ ਦਿਆਂ ਭਗਤਾਂ ਪਿਆਰਿਆਂ ਦਾ ਲੜ ਫੜ,
ਵਾਹਿਗੁਰੂ ਅਕਾਲ ਜਪੁ ਵਿਕਾਰ ਨੂੰ ਤਿਆਗ ਦੇ।
ਔਖੇ ਵੇਲੇ ਮੁਖ ਫੇਰ ਤੈਨੂੰ ਜੋ ਤਿਆਗ ਦੇਸੀ,
ਹੁਣੇ ਤੂੰ ਭੀ ਇਹੋ ਜੇਹੇ ਯਾਰ ਨੂੰ ਤਿਆਗ ਦੇ।
ਪਰਾਇਆਂ ਪਦਾਰਥਾਂ ਨੂੰ ਮੇਰਾ ਮੇਰਾ ਆਖ ਨਾ,
ਮਾਇਆ ਸੰਗ ਛਡਣੀ ਦੇ ਪਿਆਰ ਨੂੰ ਤਿਆਗ ਦੇ।
ਬੰਦਾ ਬਣ, ਭਾਣਾ ਮੰਨ, ਨਾਮ ਜਪੁ ਭੋਲਿਆ
ਆਪਣੀ ਸਿਆਣਪ ਵਿਚਾਰ ਨੂੰ ਤਿਆਗ ਦੇ।
ਗੁਰੂ ਉਪਦੇਸ਼ ਸੁਣ ਗਿਆਨ ਨੂੰ ਗ੍ਰਹਿਣ ਕਰ,
ਘੋਰ ਅਗਿਆਨ ਅੰਧਿਆਰ ਨੂੰ ਤਿਆਗ ਦੇ।
ਕਾਮ ਨੂੰ ਤਿਆਗ ਦੇ ਕ੍ਰੋਧ ਨੂੰ ਤਿਆਗ ਦੇ,
ਲੋਭ ਅਤੇ ਮੋਹ ਹੰਕਾਰ ਨੂੰ ਤਿਆਗ ਦੇ।
ਜਿਸ ਕਾਰ ਵਿਚ ਨਹੀਂ ਰਾਜ਼ੀ ਕਰਤਾਰ ਤੇਰਾ,
ਭਾਂਵਦੀ ਨਹੀਂ ਉਹਨੂੰ ਉਸ ਕਾਰ ਨੂੰ ਤਿਆਗ ਦੇ।
ਸਤਿਨਾਮ ਵਾਹਿਗੁਰੂ ਸਮਾਲ ਸਦਾ ਰਿਦੇ ਵਿਚ,
ਉਹਦਾ ਦਰ ਮਲ ਹੋਰ ਦੁਆਰ ਨੂੰ ਤਿਆਗ ਦੇ।

ਮਨ ਮਾਲਕ ਦੇ ਅੱਗੇ ਨਿਵਾ ਕੇ ਰੱਖ

ਸੁਣ ਕੇ ਲੰਮਾ ਪ੍ਰੇਮ ਦਾ ਪੰਥ ਔਖਾ,
ਦਿਲਾ ਡੋਲ ਨਾ ਨਿਹੁੰ ਲਗਾ ਕੇ ਰੱਖ।
ਭਾਵੇਂ ਲੱਖ ਮੁਸੀਬਤਾਂ ਪੈਣ ਸਿਰ ਤੇ,
ਸਿਦਕ ਪਰਬਤ ਦੇ ਵਾਂਗ ਜਮਾ ਕੇ ਰੱਖ।
ਜੇ ਕਰਤੂਤ ਹੈ ਕਾਫ਼ਰਾਂ ਵਾਂਗ ਤੇਰੀ,
ਮੂੰਹ ਨਾ ਮੋਮਨਾਂ ਵਾਂਗ ਬਣਾ ਕੇ ਰੱਖ।
ਮੁਖ ਮਾਹੀ ਪਿਆਰੇ ਦਾ ਵੇਖਣੇ ਨੂੰ,
ਸ਼ੀਸ਼ਾ ਦਿਲ ਦਾ ਖ਼ੂਬ ਚਮਕਾ ਕੇ ਰੱਖ।
ਜੇਕਰ ਦੀਦ ਪਿਆਰੇ ਦਾ ਵੇਖਣਾ ਹੀ,
ਦਿਲੋਂ ਦੂਈ ਦਾ ਪਰਦਾ ਹਟਾ ਕੇ ਰੱਖ।
ਜੁੱਤੀ ਪਿਆਰੇ ਦੇ ਚਰਨਾਂ ਦੀ ਬਣਨ ਖ਼ਾਤਰ,
ਪਹਿਲਾਂ ਆਪਣੀ ਖੱਲ ਲੁਹਾ ਕੇ ਰੱਖ।
ਆਪਣੇ ਪਿਆਰੇ ਪ੍ਰੀਤਮ ਦੇ ਬੈਠਣੇ ਨੂੰ,
ਆਪਣੀਆਂ ਅੱਖਾਂ ਦਾ ਆਸਣ ਵਿਛਾ ਕੇ ਰੱਖ।
ਸੁੰਦਰ ਸੁਆਮੀ ਨੂੰ ਸੁਖ ਪਹੁੰਚਾਣ ਖ਼ਾਤਰ,
ਸਤਿ-ਧਰਮ ਦਾ ਅਤਰ ਛਿੜਕਾ ਕੇ ਰੱਖ।
ਸੋਹਣੇ ਮੂੰਹ ਦੇ ਨਾਲ ਜੇ ਮਿਲਣਾ ਹੀ,
ਕੋਈ ਚੰਗੀ ਕਮਾਈ ਕਮਾ ਕੇ ਰੱਖ।
ਭੇਟਾ ਪਿਆਰੇ ਦੇ ਚਰਨਾਂ 'ਚ ਕਰਨ ਖ਼ਾਤਰ,
ਸੀਸ ਤਲੀ ਦੇ ਉਤੇ ਟਿਕਾ ਕੇ ਰੱਖ।
'ਤਾਰਾ' ਜੀ ਹੰਕਾਰ ਤਿਆਗ ਕੇ ਤੇ,
ਮਨ ਮਾਲਕ ਦੇ ਅੱਗੇ ਨਿਵਾ ਕੇ ਰੱਖ।

ਜੇ ਮੈਂ ਹੁੰਦਾ 'ਤਾਰਾ'

ਕਿਹਾ ਚੰਗਾ ਹੁੰਦਾ, ਹੁੰਦਾ ਮੈਂ 'ਤਾਰਾ'
ਵਾਸਾ ਮੇਰਾ ਭੀ ਵਿਚ ਅਸਮਾਨ ਹੁੰਦਾ।
ਤੇਰੇ ਬਿਰਹੋਂ 'ਚ ਤੜੱਪਦਾ ਰਾਤ ਸਾਰੀ,
ਤੇਰੇ ਚਰਨਾਂ 'ਚ ਮੇਰਾ ਧਿਆਨ ਹੁੰਦਾ।
ਮੇਰੇ ਪ੍ਰੀਤਮਾਂ ਤੇਰੀ ਹੀ ਭਾਲ ਅੰਦਰ,
ਦਿਨ ਚੜ੍ਹੇ ਮੈਂ ਕਿਧਰੇ ਰਵਾਨ ਹੁੰਦਾ।
ਤੇਰੀ ਰਚਨਾਂ ਵੇਖ ਵਿਸਮਾਦ ਹੁੰਦਾ,
ਤੇਰੀ ਖੇਡ ਮੈਂ ਵੇਖ ਹੈਰਾਨ ਹੁੰਦਾ।
ਭਾਵੇਂ ਦੁਨੀਆਂ ਵਿਚ ਅੰਧੇਰ ਹੁੰਦਾ,
ਮੇਰੇ ਹਿਰਦੇ 'ਚ ਚਾਨਣ ਗਿਆਨ ਹੁੰਦਾ।
ਤੇਰੀ ਯਾਦ ਵਿਚ ਜਾਗਦਾ ਮੈਂ ਹੁੰਦਾ,
ਜਦੋਂ ਸੁਤਾ ਹੋਇਆ ਸਾਰਾ ਜਹਾਨ ਹੁੰਦਾ।

ਗੁਰੂ ਨਾਨਕ ਦੇ ਚਰਨਾਂ ਤੋੜੀ

ਆਪਣਾ ਆਪ ਤਿਆਗ ਮਨਾਂ,
ਨਿਤ ਚਿਤ ਚਰਨਾਂ ਨਾਲ ਜੋੜੇਂ।
ਨਿਸ ਦਿਨ ਮੁਖੋਂ ਨਾਮ ਅਰਾਧੇਂ,
ਨਾਮ ਡੋਰ ਨਾ ਛੋੜੇਂ।
ਉਸੇ ਸੰਦਾ ਹੋ ਰਹੀਂ ਗੋਲਾ,
ਆਪਾ ਉਸ ਪੈ ਵੇਚੀਂ,
ਗੁਰੂ ਨਾਨਕ ਦੇ ਚਰਨਾਂ ਤੋੜੀ,
ਜੇ ਤੂੰ ਜਾਣਾ ਲੋੜੇਂ।
ਲਗਣ ਨਾ ਦੇਵੀਂ ਪਾਪ ਵਾਸ਼ਨਾ,
ਮਨ ਬਦੀਆਂ ਤੋਂ ਹੋੜੇਂ।
ਤਿਸ ਪ੍ਰੀਤਮ ਦੀ ਪ੍ਰੇਮ ਕਾਂਗ ਵਿਚ,
ਤਨ ਮਨ ਅਪਣਾ ਰੋੜ੍ਹੇਂ।
ਕੂੜ, ਕ੍ਰੋਧ, ਕਪਟ ਦੀਆਂ ਕੰਧਾਂ,
ਜੋ ਰਸਤੇ ਵਿਚ ਬਣੀਆਂ,
ਇੱਚਰ ਤੋੜੀ, ਤੋੜ ਨਾ ਪਹੁੰਚੇ,
ਜਿੱਚਰ ਨਾ ਇਨ੍ਹਾਂ ਤੋੜੇਂ।

ਗੁਰੂ ਨਾਨਕ ਦੇਵ ਜੀ ਦੇ ਚੋਜ

ਹੇ ਨਾਨਕ, ਹੇ ਸਤਿਗੁਰੂ ਨਾਨਕ,
ਸਾਰ ਨਾ ਜਾਣਾ ਤੇਰੀ।
ਝਲਕ ਨਿਗਾਹ, ਇਕ ਪਲਕ ਵਿਖਾ,
ਬਾਬਰ ਦੀ ਚੱਕੀ ਫੇਰੀ।

ਜਿਥੇ ਵੇਖੋਂ ਪਾਪ ਹੋਂਵਦੇ,
ਪੁਜੇਂ ਉਥੇ ਜਾ ਕੇ।
ਆਕੜ, ਆਕੜ ਖਾਂ ਦੀ ਭੰਨੀ,
ਪੱਥਰਾਂ ਵਿਚ ਪੰਜੇ ਲਾ ਕੇ।

ਧੰਨ ਗੁਰੂ ਨਾਨਕ, ਤੂੰ ਧੰਨ ਹੈਂ,
ਧੰਨ ਤੇਰੀ ਹੈ ਕਰਨੀ।
ਕੌਡੇ ਵਰਗੇ ਰਾਖਸ਼ ਲੱਖਾਂ,
ਡਿਗ ਪਏ ਤੇਰੀ ਚਰਨੀਂ।

ਮੇਹਰ ਭਰੀ ਇਕ ਨਜ਼ਰ ਨਾਲ,
ਜਦ ਜਿਸ ਦੇ ਵੱਲ ਤੂੰ ਡਿੱਠਾ।
ਰੇਠੇ ਵਰਗਾ ਕੌੜਾ ਹਿਰਦਾ,
ਪਲ ਵਿਚ ਹੋ ਗਿਆ ਮਿੱਠਾ।

ਗੁਰੂ ਨਾਨਕ ਉਡੀਕ

ਡਿੱਠੇ ਨਹੀਂ ਪਰ ਸੁਣੇ ਨੇ ਚੋਜ ਤੇਰੇ,
ਕੋਈ ਸਾਨੂੰ ਵੀ ਚੋਜ ਵਿਖਾ ਨਾਨਕ।
ਜਿਵੇਂ ਪਾਂਧੇ ਨੂੰ ਪ੍ਰੇਮ ਦੀ ਪਾਲ ਦੱਸੀ,
ਇਕ ਦੋ ਸਾਨੂੰ ਵੀ ਅੱਖਰ ਸਿਖਾ ਨਾਨਕ।
ਵੀਰ ਵੀਰਾਂ ਨੂੰ ਛੱਲਦੇ ਠੱਗ ਹੋ ਕੇ,
ਵਾਂਗ ਸੱਜਣ ਦੇ ਸੱਜਣ ਬਣਾ ਨਾਨਕ।
ਦੱਬਿਆ ਦੁੱਖਾਂ ਦੇ ਨਾਲ ਹੈ ਦੇਸ਼ ਸਾਡਾ,
ਆ ਕੇ ਦੀਨਾਂ ਦੇ ਦਰਦ ਮਿਟਾ ਨਾਨਕ।
ਤੂੰ ਹੈਂ ਵੈਦ ਪ੍ਰੇਮ ਦੇ ਰੋਗੀਆਂ ਦਾ,
ਆ ਕੇ ਦਰਸ ਦਾ ਦਾਰੂ ਪਿਲਾ ਨਾਨਕ।
ਰਾਹ ਕਦੋਂ ਦਾ ਵੇਖਦੇ ਪਏ ਤੇਰਾ,
ਹੁਣ ਤਾਂ ਆ ਨਾਨਕ, ਹੁਣ ਤਾਂ ਆ ਨਾਨਕ।

ਰਾਹ ਦਸ ਜਾਵੀਂ

ਐ ਅਕਾਲ ਦੇ ਸੱਚੇ ਪੈਗ਼ੰਬਰਾ ਵੇ,
ਐ ਕੱਲ ਦੇ ਦੁੱਖ ਮਿਟਾਣ ਵਾਲੇ।
ਆਕੜ ਖਾਨਾਂ ਦੀ ਆਕੜ ਹਟਾਣ ਵਾਲੇ,
ਵਿੱਚ ਪਰਬਤਾਂ ਪੰਜੇ ਲਗਾਣ ਵਾਲੇ।
'ਸੱਜਣ' ਵਰਗਿਆਂ ਠੱਗਾਂ ਤੇ ਡਾਕੂਆਂ ਨੂੰ,
ਹੱਥਕੜੀ ਪ੍ਰੇਮ ਦੀ ਲਾਣ ਵਾਲੇ।
ਰਾਹ ਚਿਰਾਂ ਤੋਂ ਵੇਖਦੇ ਪਏ ਤੇਰਾ,
ਸੱਚਾ ਰੱਬੀ ਪੈਗ਼ਾਮ ਸੁਣਾਣ ਵਾਲੇ।

ਢਿਲੇ ਹੋਏ ਪ੍ਰੇਮ ਦੇ ਪੇਚ ਸਾਡੇ,
ਹੱਥੀਂ ਆਪਣੀ ਆਣ ਕੇ ਕੱਸ ਜਾਵੀਂ।
ਵਖੋ ਵੱਖਰੇ ਰਸਤੇ ਫੜੇ ਲੋਕਾਂ,
ਇਕੋ ਸੜਕ ਸਚਾਈ ਦੀ ਦਸ ਜਾਵੀਂ।

ਵੱਲ ਛੱਲ ਤੇ ਕਪਟ ਨੂੰ ਵੱਲ ਕਰ ਕੇ,
ਸਾਡੇ ਦਿਲਾਂ ਤੋਂ ਦੂਰ ਗ਼ਰੂਰ ਕਰ ਦੇ।
ਮੈਲ ਦੂਈ ਦ੍ਵੈਤ ਤੇ ਈਰਖਾ ਦੀ,
ਆ ਕੇ ਸਾਡਿਆਂ ਦਿਲਾਂ 'ਚੋਂ ਦੂਰ ਕਰ ਦੇ।
ਭਰਮ, ਭੇਦ, ਅਗਿਆਨ ਦਾ ਨਾਸ ਕਰ ਕੇ,
ਪੈਦਾ ਸਾਡਿਆਂ ਦਿਲਾਂ 'ਚ ਨੂਰ ਕਰ ਦੇ।

ਇਕ ਪ੍ਰੇਮ ਦੀ ਨੈਂ ਵਗਾ ਕੇ ਤੇ,
ਦਿਲਾਂ ਵਿੱਚ ਪਿਆਰ ਭਰਪੂਰ ਕਰ ਦੇ।

ਫੇਰ ਸਤਿਗੁਰੂ ਜੀ, ਸਾਡੇ ਦਿਲਾਂ ਅੰਦਰ,
ਅਪਣੇ ਮਹਿਲ ਬਣਾ ਕੇ ਵੱਸ ਜਾਵੀਂ।
ਪੁਠੇ ਰੱਸਤੇ ਜੋ ਸਾਡੇ ਦਿਲ ਜਾਵਨ,
ਸਿੱਧਾ ਇਨ੍ਹਾਂ ਨੂੰ ਰਸਤਾ ਦੱਸ ਜਾਵੀਂ।

ਦਾਰੂ ਪ੍ਰੇਮ ਪਿਲਾ ਪਿਲਾ ਕੇ ਤੇ,
ਕੀਤਾ ਠੀਕ ਤੂੰ ਪਾਪਾਂ ਦੇ ਰੋਗੀਆਂ ਨੂੰ।
ਦਿੱਤਾ ਸਬਕ ਮੌਲਾਣਿਆਂ ਪਾਂਧਿਆਂ ਨੂੰ,
ਸਿੱਧਾ ਕੀਤਾ ਤੂੰ ਸਿੱਧਾਂ ਤੇ ਜੋਗੀਆਂ ਨੂੰ।
ਫਲ ਕਿਰਤ ਕਮਾਈ ਦਾ ਦੱਸਣੇ ਨੂੰ,
ਲਾਇਆ ਭੋਗ ਤੂੰ 'ਲਾਲੋ' ਦੀਆਂ ਗੋਗੀਆਂ ਨੂੰ।
ਲੱਖਾਂ ਦਿਲਾਂ 'ਚ ਪ੍ਰੇਮ ਦਾ ਫੂਕ ਮੰਤਰ,
ਤੂੰ ਮਿਟਾਇਆ ਸੀ ਖੱਪਾਂ ਘਰੋਗੀਆਂ ਨੂੰ।

ਫੇਰ ਦਿਲਾਂ 'ਚ ਫੁੱਟ ਦੇ ਭੂਤ ਵੜ ਗਏ,
ਕਰ ਇਨ੍ਹਾਂ ਨੂੰ ਆਣ ਕੇ ਵੱਸ ਜਾਵੀਂ।
ਆਪਸ ਵਿੱਚ ਪਿਆਰ ਵਧਾਣ ਵਾਲੀ,
ਛੇਤੀ ਆ ਕੋਈ ਜੁਗਤੀ ਦੱਸ ਜਾਵੀਂ।

ਸੂਰਜ ਸਿਦਕ, ਸਚਾਈ ਤੇ ਧਰਮ ਵਾਲਾ,
ਵਿੱਚ ਕੂੜ ਦੇ ਬੱਦਲਾਂ ਵੜ ਰਿਹਾ ਏ।

ਐਸਾ ਮੱਚਿਆ ਅੰਧ ਗੁਬਾਰ ਬਾਬਾ,
ਸਿੱਧਾ ਰਸਤਾ ਕੋਈ ਨਾ ਫੜ ਰਿਹਾ ਏ।
ਕਾਮ, ਕ੍ਰੋਧ, ਹੰਕਾਰ ਦੀ ਅੱਗ ਅੰਦਰ,
ਇੱਕ ਇੱਕ ਜੀਵ ਸੰਸਾਰ ਦਾ ਸੜ ਰਿਹਾ ਏ।
ਵੀਰ ਵੀਰ ਦੇ ਨਾਲ ਹੀ ਲੜ ਰਿਹਾ ਏ,
ਡਾਢਾ ਮਾੜੇ ਦੀ ਛਾਤੀ ਤੇ ਚੜ੍ਹ ਰਿਹਾ ਏ।

ਤਪੇ ਜਗਤ ਦੀ ਤਪਤ ਮਿਟਾਣ ਖ਼ਾਤਰ,
ਐ ਸ਼ਾਂਤ ਦੇ ਬੱਦਲਾ ! ਵੱਸ ਜਾਵੀਂ।
ਸਾਰੀ ਪਾਪਾਂ ਦੀ ਧੁੰਦ ਮਿਟਾ ਕੇ ਤੇ,
ਰਾਹ ਭੁਲਿਆਂ ਨੂੰ ਫੇਰ ਦੱਸ ਜਾਵੀਂ।

ਕੌਤਕ ਵੇਖ ਮੈਂ ਤੇਰੇ ਹੈਰਾਨ ਹੋਵਾਂ,
ਕਿਵੇਂ ਬਾਬਰ ਦੀ ਚੱਕੀ ਭੌਂਵਾਈ ਸੀ ਤੂੰ ?
ਮੱਕਾ ਚਾਰ ਚੁਫੇਰੇ ਚੱਕਰਾ ਕੇ ਤੇ,
ਅਕਲ ਕਾਜ਼ੀ ਦੀ ਕਿਵੇਂ ਚਕਰਾਈ ਸੀ ਤੂੰ ?
ਆਪਣੀ ਪ੍ਰੇਮ ਦੀ ਬੀਨ ਤੇ ਮਸਤ ਕਰ ਕੇ,
ਜ਼ਹਿਰੀ ਨਾਗਾਂ ਤੋਂ ਛਾਇਆ ਕਰਾਈ ਸੀ ਤੂੰ ?
ਵਿਖ ਵਰਗਿਆਂ ਕੌੜਿਆਂ ਰੇਠਿਆਂ 'ਚੋਂ,
ਮਿੱਠੇ ਅੰਮ੍ਰਿਤ ਦੀ ਧਾਰ ਵਗਾਈ ਸੀ ਤੂੰ ?

ਤਿਵੇਂ ਦਿਲਾਂ ਦੀ ਕੌੜ ਹਟਾ ਕੇ ਤੇ,
ਚੋ ਪ੍ਰੇਮ ਪਿਆਰ ਦੀ ਰਸ ਜਾਵੀਂ।
ਨਾਲ ਬੁਰੇ ਦਾ ਭਲਾ ਕਮਾਣ ਵਾਲਾ,
ਸਬਕ ਇਕ ਵੇਰੀ ਫੇਰ ਦਸ ਜਾਵੀਂ।

ਸਾਡੀ ਬੇਨਤੀ ਏ ਬਾਬਾ ਬਹੁੜ ਛੇਤੀ,
ਬੰਨੇ ਲਾ ਤੂੰ ਬੇੜਿਆਂ ਅਟਕਿਆਂ ਨੂੰ।
ਭੰਨ ਦੇ ਭਰਮ ਤੇ ਭੇਦ ਦੇ ਮਟਕਿਆਂ ਨੂੰ,
ਕਰ ਦੂਰ ਤੂੰ ਦਿਲਾਂ ਦੇ ਖਟਕਿਆਂ ਨੂੰ।
ਦੇ ਕੇ ਮਿਹਰ ਦਾ ਹੱਥ ਬਚਾਈਂ ਸਤਿਗੁਰ,
ਸਾਨੂੰ ਪਾਪਾਂ ਦੀ ਸੂਲੀ ਤੇ ਲਟਕਿਆਂ ਨੂੰ।
ਮੇਰੇ ਮਿਹਰਾਂ ਦੇ ਮਾਲਕਾ ਮੇਲੇ ਦੇ ਤੂੰ,
ਵੀਰਾਂ ਵਿਛੜਿਆਂ ਭੁਲਿਆਂ ਭਟਕਿਆਂ ਨੂੰ।

ਸਾਡੀ ਉਂਗਲੀ ਪਕੜ ਕੇ ਪਾਰ ਲਾਵੀਂ,
ਪ੍ਰੀਤਮ ਕੱਲਿਆਂ ਛੋੜ ਨਾ ਨਸ ਜਾਵੀਂ।
ਮਾਰਾਂ ਟੱਕਰਾਂ ਅੰਧ ਅਗਿਆਨ ਅੰਦਰ,
ਭੁਲੇ 'ਤਾਰੇ' ਨੂੰ ਰਸਤਾ ਦਸ ਜਾਵੀਂ।

ਭਾਰਤ ਵਰਸ਼–

ਗੁਰੂ ਨਾਨਕ ਨਾਨਕ ਤੋਂ ਪਹਿਲਾਂ

ਹੱਦ ਬੰਨਾ ਜਾ ਹਦੂਦ ਅਰਬਾ–

ਕੂੜ, ਕਪਟ, ਕ੍ਰੋਧ ਦੇ ਤਿੰਨ ਸਾਗਰ,
ਤਿੰਨਾਂ ਪਾਸਿਆਂ ਤੇ ਲਹਿਰਾਂ ਮਾਰਦੇ ਸਨ।
ਚੌਥੀ ਤਰਫ ਸਨ ਕੁਫ਼ਰ-ਪਹਾੜ ਉਚੇ,
ਜੰਗਲ ਜਿਨ੍ਹਾਂ ਤੇ ਉਗੇ ਹੰਕਾਰ ਦੇ ਸਨ।
ਦੁਖ ਆਹ ਮਜ਼ਲੂਮਾਂ ਦੀ ਰੋਕਣੇ ਨੂੰ,
ਦੇਂਦੇ ਕੰਮ ਜੋ ਵਾਂਗ ਦੀਵਾਰ ਦੇ ਸਨ।
ਦੱਰੇ ਚਾਰ ਪਹਾੜਾਂ ਦੇ ਵਿਚ ਜਿਹੜੇ,
ਰਾਹ ਜ਼ਾਲਮਾਂ ਤਾਂਈਂ ਸੰਵਾਰਦੇ ਸਨ।

ਨਾਨਕ ਗੁਰੂ ਦੇ ਆਉਣ ਤੋਂ ਕੁਝ ਪਹਿਲਾਂ,
ਹਾਲਤ ਹਿੰਦ ਦੀ ਇਸ ਤਰ੍ਹਾਂ ਗਿਰੀ ਹੋਈ ਸੀ।
ਦੁਖ ਪਾਪ ਹੰਕਾਰ ਤੇ ਕਹਿਰ ਕਰ ਕੇ,
ਚੌਹਾਂ ਪਾਸਿਆਂ ਤੋਂ ਧਰਤੀ ਘਿਰੀ ਹੋਈ ਸੀ।

ਧਰਤੀ, ਸਤਹ, ਪਹਾੜ, ਦਰਿਆ ਆਦਿਕ–

ਊਚ ਨੀਚ ਦੇ ਟਿੱਬਿਆਂ ਢੇਰੀਆਂ ਨੇ,
ਕੁਝ ਓਪਰੀ ਸਤਹ ਬਣਾਈ ਹੋਈ ਸੀ।

ਉਚੀ ਜ਼ਾਤ ਦੇ ਬਾਹਮਣਾਂ ਪਾਂਡਿਆਂ ਨੇ,
ਜ਼ਾਤ ਪਾਤ ਦੀ ਕੰਧ ਚੜ੍ਹਾਈ ਹੋਈ ਸੀ।
ਰਾਹ ਲੋੜਿਆਂ ਕੋਈ ਨਾ ਲੱਭਦਾ ਸੀ,
ਛੂਤ ਛਾਤ ਦੀ ਖੱਪ ਮਚਾਈ ਹੋਈ ਸੀ।
ਮੁਫ਼ਤ-ਖੋਰਿਆਂ ਬਾਹਮਣਾਂ ਕਾਜ਼ੀਆਂ ਨੇ,
ਆਪੋ ਵਿਚ ਹੀ ਖ਼ਲਕਤ ਲੜਾਈ ਹੋਈ ਸੀ।

ਜਗ੍ਹਾ ਜਗ੍ਹਾ ਬੇ-ਦੋਸਾਂ ਦੇ ਖ਼ੂਨ ਸੰਦੇ,
ਕਈ ਲੱਖ ਦਰਿਆ ਪਏ ਵਗਦੇ ਸਨ।
ਵਿਚੋਂ ਨਹਿਰ ਅਨਿਆਉਂ ਦੀ ਕੱਢ ਕੇ ਤੇ,
ਪਾਪ ਪੈਲੀਆਂ ਨੂੰ ਪਾਣੀ ਲੱਗਦੇ ਸਨ।

ਪੌਣ ਪਾਣੀ ਜਾਂ ਆਬੋ ਹਵਾ—

ਬੱਦਲ ਪਾਪ ਹੰਕਾਰ ਦੇ ਗੱਜ ਰਹੇ ਸਨ,
ਬਿਜਲੀ ਜ਼ੁਲਮ ਦੀ ਅੰਬਰਾਂ ਕਰੇ ਕੜ ਕੜ।
ਘੋਰ ਪਾਪ ਦੇ ਝੱਖੜਾਂ ਨਾਲ ਮਿਲ ਕੇ,
ਅਗਨਿ ਕਹਿਰ ਅਨਿਆਉਂ ਦੀ ਬਲੇ ਭੜ ਭੜ।
ਸੀਨਾ ਦੁਖੀ ਦਾ ਵਿੰਨ੍ਹਦੇ ਜ਼ੁਲਮ ਸੰਦੇ,
ਗੜੇ ਵੱਸਦੇ ਗੋਲੀਆਂ ਵਾਂਗ ਤੜ ਤੜ।
ਐਸੀ ਆਬੋ-ਹਵਾ ਵਿਚ ਰਹਿ ਰਹਿ ਕੇ,
ਇਕ ਇਕ ਜਾਨ ਕਰਦੀ ਸੌ ਸੌ ਵਾਰ ਫੜ ਫੜ।

ਕੂੜ ਕਪਟ ਕ੍ਰੋਧ ਦੇ ਸਾਗਰਾਂ 'ਚੋਂ,
ਮੌਨਸੂਨ ਉਠ ਉਤਾਂਹ ਨੂੰ ਜਾਂਦੀਆਂ ਸਨ।

ਠਹਿਕ ਕੁਫ਼ਰ ਹੰਕਾਰ ਦੇ ਪਰਬਤਾਂ ਸੰਗ,
ਕਹਿਰ ਜਬਰ ਦੀ ਵਰਖਾ ਵਸਾਂਦੀਆਂ ਸਨ ।

ਰਾਜਸੀ ਹਾਲਤ–

ਰਾਜ ਕੂੜ ਦਾ ਕੂੜ ਹੀ ਕੂੜ ਹੈਸੀ,
ਨਾ ਸੀ ਸੱਚ ਨਾ ਸੱਚ ਨਸ਼ਾਨ ਹੈਸੀ ।
ਧਰਮ ਸ਼ਰਮ ਨਾ ਲੋੜਿਆਂ ਲੱਭਦੇ ਸਨ,
ਬਣਿਆਂ ਕੂੜ ਹੀ ਫਿਰਦਾ ਪਰਧਾਨ ਹੈਸੀ ।
ਕੋਈ ਲਾ, ਕਾਨੂੰਨ ਨਾ ਰੂਲ ਹੈਸੀ,
ਜ਼ੁਲਮ ਪਾਪ ਅਨਿਆਉਂ ਅਗਿਆਨ ਹੈਸੀ ।
ਹਾਕਮ ਅਦਲ ਇਨਸਾਫ਼ ਦੇ ਕਰਨ ਵਾਲਾ,
ਜੇਕਰ ਸੀ ਤਾਂ ਉਹ ਸ਼ੈਤਾਨ ਹੈਸੀ ।

ਸਾਧ ਬਝਦੇ ਸਨ, ਚੋਰ ਛੁੱਟਦੇ ਸਨ,
ਹੋ ਰਹੇ ਸੀ ਅਤਿਆਚਾਰ ਲੱਖਾਂ ।
ਹਾਏ ! ਜ਼ੁਲਮ ਤੋਂ ਆਇ ਬਚਾਏ ਕੋਈ,
ਕਹਿ ਰਹੇ ਸੀ ਇਹ ਪੁਕਾਰ ਲੱਖਾਂ ।

ਸਤਿਗੁਰੂ ਜੀ ਦਾ ਆਗਮਨ–

ਦੁਖੀ ਦੇਸ ਨੂੰ ਵੇਖ ਪਰਮਾਤਮਾਂ ਨੇ,
ਘਲਿਆ ਸ਼ਾਹਾਂ ਦਾ ਸੀ ਸ਼ਹਿਨਸ਼ਾਹ ਨਾਨਕ ।
ਬੇੜੀ ਸੱਚ ਦੀ ਡੁਬਦੀ ਵੇਖ ਕੇ ਤੇ,
ਬੰਨੇ ਲਾਣ ਨੂੰ ਆਇਆ ਮਲਾਹ ਨਾਨਕ ।

ਸੱਚਾ ਰਾਹੀ, ਕੁਰਾਹੀ ਕਹਾ ਕੇ ਭੀ,
ਨਾ ਪਰਵਾਹ ਕੀਤੀ, ਬੇਪਰਵਾਹ ਨਾਨਕ ।
ਭਰਮ, ਭੇਦ ਤੇ ਦੂਰ ਅਗਿਆਨ ਕਰ ਕੇ,
ਸਿੱਧਾ ਸੱਚ ਦਾ ਦਸਿਆ ਰਾਹ ਨਾਨਕ ।

ਲੱਖਾਂ ਸੂਰਜਾਂ, ਚੰਨਾਂ ਤੋਂ ਵਧ ਰੋਸ਼ਨ,
ਕੀਤਾ ਚਾਨਣਾ ਵਿਚ ਸੰਸਾਰ ਨਾਨਕ ।
ਲੱਖਾਂ ਪਾਪੀ, ਸੰਤਾਪੀ, ਮਹਾਂ ਪਾਪੀ,
'ਤਾਰੇ' ਕਲ ਦੇ ਵਿਚ ਅਵਤਾਰ ਨਾਨਕ ।

ਤੇਰੇ ਨੈਣਾਂ ਦੇ ਤੀਰ

ਵੱਡੇ ਵੱਡੇ ਜੋਧੇ, ਵੱਡੇ ਰੋਹਬ ਵਾਲੇ,
ਵੱਡੇ ਧਨਖ ਧਾਰੀ ਤੇ ਜਵਾਨ ਲਖਾਂ।
ਤੀਰ ਮਾਰ ਕੇ ਪੱਥਰਾਂ ਵਿੰਨ੍ਹਣ ਵਾਲੇ,
ਵੇਖੇ ਸੂਰਮੇ ਬਲੀ ਬਲਵਾਨ ਲਖਾਂ।
ਸੈਨਾਂ ਲਸ਼ਕਰਾਂ ਨਾਲ ਸੀ ਰਾਜ ਜਿਤਿਆ,
ਐਸੇ ਹੋ ਗੁਜ਼ਰੇ ਹੁਕਮਰਾਨ ਲਖਾਂ।
ਤਖ਼ਤਾਂ ਤਾਜਾਂ ਤੇ ਮਾਲਕ ਵਲਾਇਤਾਂ ਦੇ,
ਡਿਠੇ ਸੂਰਮੇ ਬਲੀ ਬਲਵਾਨ ਲਖਾਂ।

ਬਾਣ ਬਾਣੀ ਦੇ ਮਾਰ ਕੇ ਜਿਤਣ ਵਾਲਾ,
ਬਲੀਆਂ ਬਲੀ ਹੈਸੀ ਬੀਰਾਂ ਬੀਰ ਨਾਨਕ।
ਲਖਾਂ ਦਿਲਾਂ ਦਾ ਜਿਤਿਆ ਰਾਜ ਸੀਗਾ,
ਇਕੋ ਨਿਗ੍ਹਾ ਦਾ ਮਾਰ ਕੇ ਤੀਰ ਨਾਨਕ।

ਕੋੜ੍ਹ ਰੋਗੀਆਂ ਦੀ ਝਟ ਦੂਰ ਕੀਤੀ,
ਐਸਾ ਬਾਣੀ ਦੇ ਵਿਚ ਕੋਈ ਸ਼ੀਰ ਹੈਸੀ।
ਪਰਬਤ ਪਿਘਲ ਕੇ ਪਾਣੀ ਦੇ ਵਾਂਗ ਹੋਏ,
ਐਸੀ ਨਜ਼ਰ ਦੇ ਵਿੱਚ ਤਾਸੀਰ ਹੈਸੀ।
ਪਾਪੀ ਚਰਨਾਂ 'ਚ ਡਿੱਗਦੇ ਘਾਇਲ ਹੋ ਕੇ,
ਐਸੀ ਨੈਣਾਂ ਦੀ ਤੇਜ਼ ਸ਼ਮਸ਼ੀਰ ਹੈਸੀ।

ਬਾਬਰ ਜਿਹੇ ਵੀ ਤੇਰੇ ਮੁਰੀਦ ਬਣ ਗਏ,
ਐਸੀ ਪ੍ਰੇਮ ਦੀ ਤੇਰੀ ਜ਼ੰਜੀਰ ਹੈਸੀ।

ਵਾਂਗ 'ਤਾਰਿਆਂ' ਦੇ ਕੀਤੇ ਦਿਲ ਰੌਸ਼ਨ,
ਚਮਕੇ ਚੰਨ ਤੋਂ ਵਧ ਤਸਵੀਰ ਨਾਨਕ।
ਲੱਖਾਂ ਦਿਲਾਂ ਦਾ ਜਿਤਿਆ ਰਾਜ ਸੀਗਾ,
ਇਕੋ ਨਿਗ੍ਹਾ ਦਾ ਮਾਰ ਕੇ ਤੀਰ ਨਾਨਕ।

ਪਿਆਰਾ ਗੁਰੂ ਆ ਰਿਹਾ

ਠੰਢੇ ਠੰਢੇ ਝੋਲੇ ਅੱਜ ਪਵਨ ਦੇ ਝੁੱਲਦੇ ਨੇ,
ਖਬਰੇ ਮਿਹਰਾਂ ਵਾਲਾ ਕੋਈ ਮੇਘ ਮੰਡਲਾ ਰਿਹਾ।
ਬਿਰਛਾਂ ਤੇ ਬੂਟਿਆਂ ਨੂੰ ਝੂਟੇ ਪਏ ਆਂਵਦੇ ਨੇ,
ਬੂਟਾ ਬੂਟਾ ਟਹਿਣੀਆਂ ਨੂੰ ਨੀਵਾਂ ਹੈ ਝੁਕਾ ਰਿਹਾ।
ਪੱਤਿਆਂ ਦੇ ਨਾਲ ਪਿਆ ਪੱਤਾ ਪੱਤਾ ਠਹਿਕਦਾ ਏ,
ਪੱਤਾ ਪੱਤਾ ਨਵਾਂ ਕੋਈ ਪਤਾ ਹੈ ਬਤਾ ਰਿਹਾ।
ਖੇਤੀਆਂ ਤੇ ਵਾੜੀਆਂ ਚੋਂ ਭਿੰਨੀ ਭਿੰਨੀ ਵਾਸ ਆਵੇ,
ਡਾਢਾ ਹੀ ਸੁਹਾਣਾ ਸਮਾਂ ਜ਼ਿਮੀਂ ਨੂੰ ਸੁਹਾ ਰਿਹਾ।
ਸੋਹਣਾ ਸੋਹਣਾ ਸਾਵਾ ਸਾਵਾ ਘਾਹ ਕਿਤੇ ਉਗਿਆ ਏ,
ਕੂਲਾ ਕੂਲਾ ਮਖ਼ਮਲੀ ਹੈ ਫ਼ਰਸ਼ ਵਿਛਾ ਰਿਹਾ।
ਨਦੀ ਸੰਦਾ ਨੀਰ ਵਾਹੋ ਦਾਹੀ ਵਗੀ ਜਾਂਵਦਾ ਏ,
ਤਿੱਖਾ ਤਿੱਖਾ ਕਿਸੇ ਦੇ ਦੀਦਾਰ ਨੂੰ ਹੈ ਜਾ ਰਿਹਾ।
ਵੱਟਿਆਂ ਤੇ ਗੀਟਿਆਂ 'ਚੋਂ ਸੁਰ ਸੁਰ ਵਗਦਾ ਏ,
ਜੱਗ ਦਿਆਂ ਜੀਵਾਂ ਨੂੰ ਸੁਨੇਹਾ ਹੈ ਸੁਣਾ ਰਿਹਾ।
ਚੱਲੋ ਮੇਰੇ ਨਾਲ ਤਲਵੰਡੀ ਜਿਸ ਚਲਣਾ ਏ,
ਸੁਣਿਆ ਹੈ ਉਥੇ ਗੁਰੂ ਨਾਨਕ ਅੱਜ ਆ ਰਿਹਾ।
ਗੱਲ ਇਨੀ ਆਖ ਕੇ ਤੇ ਚੱਲਦਾ ਹੈ ਜੱਲ ਉਥੋਂ,
ਪਲ ਪਲ ਵਿੱਚ ਵੇਖੋ ਛਲ ਕਿਡੇ ਲਾ ਰਿਹਾ।
ਜਲ ਦਿਆਂ ਕੰਢਿਆਂ ਤੇ ਦਲ ਚਲਾ ਜਾ ਰਿਹਾ ਏ,
ਤੀਰ ਉਤੇ ਤੀਰ ਜਿਹੜਾ ਬਿਰਹੋਂ ਦੇ ਹੈ ਖਾ ਰਿਹਾ।
ਆਉ ਰਤਾ ਵੇਖੀਏ ਖਾਂ ਕੌਣ ਕੌਣ ਜਾ ਰਹੇ ਨੇ,

ਨਾਨਕ-ਪਿਆਰ ਜਿਨ੍ਹਾਂ ਖਿੱਚ ਕੇ ਲਿਜਾ ਰਿਹਾ।
ਪੁਰ ਸੁਲਤਾਨ ਵਲੋਂ ਨਾਨਕੀ ਜੀ ਆ ਗਏ ਨੇ,
ਵੀਰ ਦਾ ਪਿਆਰ ਜਿਨ੍ਹੂ ਸੱਲ ਸੀਨੇ ਲਾ ਰਿਹਾ।
ਚਿਰਾਂ ਦੀ ਵਿਛੁੰਨੀ ਮਾਤਾ 'ਤ੍ਰਿਪਤਾ' ਭੀ ਜਾ ਰਹੀ ਏ,
ਲਾਲ ਜਿੱਦਾ ਪਿਆਰਾ ਦੁੱਖ ਕਲ ਦੇ ਮਿਟਾ ਰਿਹਾ।
ਸੋਹਣੇ ਸੋਹਣੇ ਮੁਖ ਤੇ ਚਪੇੜਾਂ ਜਿਸ ਮਾਰੀਆਂ ਸੀ,
ਪੁੱਤ ਦਾ ਵਿਛੋੜਾ ਅੱਜ ਓਹਨੂੰ ਵੀ ਸਤਾ ਰਿਹਾ।
'ਰਾਇ ਜੀ ਬੁਲਾਰ' ਉਹੋ ਖਲੋ ਨੇ ਉਡੀਕ ਵਿਚ,
ਭਾਈਆ 'ਜੈਰਾਮ' ਆਸ ਮਿਲਣੇ ਦੀ ਲਾ ਰਿਹਾ।
'ਮਨਸੁਖ' ਹੁਰੀਂ ਸੁਖਾਂ ਨਾਲ ਚਲੇ ਜਾਂਵਦੇ ਨੇ,
'ਦੁਨੀ ਚੰਦ' ਪਿਆਰੇ ਲਈ ਸਿਹਰੇ ਹੈ ਬਣਾ ਰਿਹਾ।
ਭਾਗਾਂ ਵਾਲਾ 'ਲਾਲੋ' ਵੇਖੋ ਲਾਲੋ ਲਾਲ ਹੋ ਰਿਹਾ ਹੈ,
ਪਿਆਰੇ ਦਾ ਪਿਆਰ ਉਹਨੂੰ ਚੌਣਾ ਚਮਕਾ ਰਿਹਾ।
ਪ੍ਰੇਮ ਦੀ ਜ਼ੰਜੀਰ ਵਿਚ ਬੱਧਿਆਂ ਪ੍ਰੇਮੀਆਂ ਦਾ,
ਵਡਾ ਸਾਰਾ ਜਥਾ ਹੈ ਸੁਆਗਤ ਨੂੰ ਧਾ ਰਿਹਾ।
ਟੋਕਰੇ ਦੇ ਟੋਕਰੇ ਨੇ ਫੁਲਾਂ ਨਾਲ ਭਰੇ ਹੋਏ,
ਗਲੀਆਂ ਤੇ ਕੂਚਿਆਂ ਨੂੰ ਲੋਕ ਹੈ ਸਜਾ ਰਿਹਾ।
ਇਕ ਦੂਜੇ ਕੋਲੋਂ ਪਏ ਪੁਛਦੇ ਨੇ ਚਾਉ ਨਾਲ,
ਪ੍ਰੀਤਮ ਪਿਆਰਾ ਸਾਡਾ ਕਿਹੜੀ ਦਿਸ਼ੋਂ ਆ ਰਿਹਾ।
ਆਖੇ ਮਰਦਾਨਾ, ਉਸ ਦਿਨ ਮੈਂ ਭੀ ਨਾਲ ਸੀਗਾ,
ਜਦੋਂ ਠੱਗਾਂ ਰਾਕਸ਼ਾਂ ਨੂੰ ਰਾਹੇ ਸੀ ਓਹ ਲਾ ਰਿਹਾ।
ਬੰਧਨ ਗ਼ੁਲਾਮੀ ਵਾਲੇ ਦੇਸ਼ ਸੰਦੇ ਕੱਟਣੇ ਨੂੰ,
ਬੰਦੀ-ਛੋੜ ਗੁਰੂ ਸੀਗਾ ਆਪ ਵਿਕ ਜਾ ਰਿਹਾ।
ਜ਼ਾਲਮਾਂ ਦੀ ਕੈਦ ਚੋਂ ਛੁਡਾਣ ਲਈ ਕੈਦੀਆਂ ਨੂੰ,
ਕੈਦੀ ਬਣ ਆਪ ਸੀਗਾ ਚੱਕੀਆਂ ਚਲਾ ਰਿਹਾ।

ਸਾਲ ਹੋਣ ਲੱਗਾ ਮੈਨੂੰ ਕੱਲੇ ਛੱਡ ਗਿਆਂ ਤਾਈਂ,
ਇਕ ਇਕ ਘੜੀ ਗਿਣ ਗਿਣ ਹਾਂ ਬਿਤਾ ਰਿਹਾ।
ਇਨੇ ਵਿਚ ਬਾਲਾ ਬੋਲ ਪਿਆ ਜੋ ਪ੍ਰੇਮ ਨਾਲ,
ਸੁਣਨਾਂ ! ਇਹ ਦੈਵੀ ਗੀਤ ਕੌਣ ਕਿਤੇ ਗਾ ਰਿਹਾ ?
ਮਨਾਂ ਤਾਈਂ ਮੋਹ ਰਿਹਾ ਹੈ ਠੰਢ ਸੀਨੇ ਪਾ ਰਿਹਾ ਹੈ,
ਸਤਿਨਾਮ ਸਤਿਨਾਮ ਕੰਨਾਂ 'ਚ ਸੁਣਾ ਰਿਹਾ।
ਕਿਹੜੀ ਵਲੋਂ ਨੂਰ ਇਹ ਅਝੱਲਵਾਂ ਵਰਸੰਦਾ ਏ,
ਅਖੀਆਂ ਨੂੰ ਜਿਹੜਾ ਚਕਾ ਚੌਂਦ ਹੈ ਲਿਆ ਰਿਹਾ।
ਸ਼ਰਮ ਦੇ ਮਾਰੇ ਚੰਨ 'ਤਾਰੇ' ਸਾਰੇ ਛੁਪ ਗਏ ਨੇ,
ਸੂਰਜ ਵਿਚਾਰਾ ਕਿਉਂ ਅਜ ਸ਼ਰਮਾ ਰਿਹਾ।
ਉਠ ਮਰਦਾਨਿਆਂ ਸੰਭਾਲ ਤੂੰ ਰਬਾਬ ਸੋਹਣੀ,
ਅਹੁ ਵੇਖ ਸਾਹਮਣੇ ਪਿਆਰਾ ਗੁਰੂ ਆ ਰਿਹਾ।

ਅਰਜਨ ਗੁਰੂ ਜੇ ਜਗ ਤੇ ਆਉਂਦੇ ਨਾ

ਕੱਖ ਸਮਝ ਅਸਾਨੂੰ ਨਾਂ ਆਵਣੀ ਸੀ,
ਜੇ ਉਸਤਾਦ ਜੀ ਆਪ ਸਮਝਾਉਂਦੇ ਨਾ।
ਕਿਵੇਂ ਪੁਸਤਕਾਂ ਪੋਥੀਆਂ ਪੜ੍ਹ ਲੈਂਦੇ,
ਊੜਾ ਐੜਾ ਜੇ ਪਹਿਲੋਂ ਪੜ੍ਹਾਉਂਦੇ ਨਾ।
ਹੱਥੀਂ ਆਪਣੀ ਉਕਰ ਕੇ ਤਖਤੀਆਂ ਤੇ,
ਜੇ ਉਹ ਅਲਫ਼ ਤੇ ਬੇ ਬਣਾਉਂਦੇ ਨਾ।
ਕਦੀ ਲਿਖਣਾ ਸਾਨੂੰ ਨਾ ਆਉਣਾ ਸੀ,
ਜੇ ਉਹ ਫੱਟੇ ਤੇ ਚਾਕ ਘਸਾਉਂਦੇ ਨਾ।
ਸਾਨੂੰ ਸਭ ਜੁਗਰਾਫ਼ੀਆ ਵਿਸਰ ਜਾਂਦਾ,
ਜੇ ਉਹ ਰਾਂਗਲੇ ਨਕਸ਼ੇ ਵਿਖਾਉਂਦੇ ਨਾ।
ਸਾਨੂੰ ਕਦੀ ਨਾ ਹਿਸਟਰੀ ਯਾਦ ਹੁੰਦੀ,
ਕੰਧਾਂ ਨਾਲ ਜਿਚਰ ਫ਼ੋਟੋ ਲਾਉਂਦੇ ਨਾ।
ਨਾ ਕ੍ਰਿਸ਼ਮੇਂ ਸਾਇੰਸ ਦੇ ਸਮਝ ਪੈਂਦੇ,
ਕਰ ਕੇ ਤਜਰਬੇ ਜੇ ਉਹ ਕਰਾਉਂਦੇ ਨਾ।
ਬੋਲੀ ਗ਼ੈਰਾਂ ਦੀ ਸਿਖਦੇ ਬੜੀ ਔਖੀ,
ਜੇ ਉਹ ਤਰਜਮੇ ਕਰ ਕਰ ਸਿਖਾਉਂਦੇ ਨਾ।
ਨਾ ਇਹ ਸਿਟ, ਸਟੈਂਡ, ਡਰਿਲ ਸਿਖਦੇ,
ਜੇ ਨਮੂਨਾ ਉਹ ਬਣ ਕੇ ਵਿਖਾਉਂਦੇ ਨਾ।
ਕਿਵੇਂ ਭੁੱਲ ਹੰਕਾਰੀ ਦੀ ਕੱਢਦੇ ਉਹ,
ਜੇ ਉਹ ਪਰਬਤ 'ਚ ਪੰਜਾ ਲਗਾਉਂਦੇ ਨਾ।
ਭਰਮ ਪਾਂਡਿਆਂ ਦਾ ਕਿਵੇਂ ਦੂਰ ਕਰਦੇ,

ਲਹਿੰਦੇ ਵੱਲ ਜੇ ਪਾਣੀ ਵਗਾਉਂਦੇ ਨਾ।
ਸਬਕ ਸੇਵਾ ਦਾ ਸਾਨੂੰ ਸਿਖਾਂਵਦੇ ਕਿੱਵ,
'ਅੰਗਦ' ਗੁਰੂ ਜੇ ਸੇਵਾ ਕਮਾਉਂਦੇ ਨਾ।
'ਅਮਰ' ਕਿਵੇਂ ਨਿਥਾਵਿਆਂ ਥਾਂ ਬਣਦੇ,
ਸੇਵਾ ਸਬਕ ਨੂੰ ਜੇ ਕਰ ਦੁਹਰਾਉਂਦੇ ਨਾ।
ਨਾ ਕੁਰਬਾਨੀ ਦੀ ਸਿਖਾਂ ਨੂੰ ਕਦਰ ਹੁੰਦੀ,
'ਅਰਜਨ' ਗੁਰੂ ਜੇ ਜੱਗ ਤੇ ਆਉਂਦੇ ਨਾ।
ਕੋਰੇ ਰਹਿੰਦੇ ਕੁਰਬਾਨੀ ਦਾ ਨਾਮ ਸੁਣ ਕੇ,
ਜੇ ਉਹ ਆਪ ਇਹ ਸੰਥਾ ਪੜ੍ਹਾਉਂਦੇ ਨਾ।
ਬਹਿ ਕੇ ਤੱਤੀਆਂ ਲੋਹਾਂ ਤੇ ਫੇਰ ਉਤੋਂ,
ਤੱਤੀ ਰੇਤ ਦੇ ਕੜਛੇ ਪੁਆਉਂਦੇ ਨਾ।
ਤੱਤੀ ਉਬਲਦੀ ਉਬਲਦੀ ਦੇਗ ਅੰਦਰ,
ਜੇ ਕਰ ਬੈਠ ਸਰੀਰ ਜਲਾਉਂਦੇ ਨਾ।
ਜੇ ਉਹ ਸ਼ਾਂਤੀ-ਸਰੂਪ ਮਹਾਰਾਜ ਮੇਰੇ,
ਏਡੇ ਕੌਮ ਹਿਤ ਕਸ਼ਟ ਉਠਾਉਂਦੇ ਨਾ।
ਜੇ ਉਹ ਜ਼ੁਲਮ ਤਲਵਾਰ ਨੂੰ ਰੋਕਣੇ ਲਈ,
ਸਬਰ ਸ਼ਾਂਤੀ ਦੀ ਢਾਲ ਬਣਾਉਂਦੇ ਨਾ।
ਭਾਣਾ ਮੰਨ ਕੇ ਜਾਨ ਕੁਰਬਾਨ ਕਰਨੀ,
ਐਸੀ ਜੇ ਕਰ ਉਹ ਰੀਤ ਚਲਾਉਂਦੇ ਨਾ।
'ਤਾਰੂ ਸਿੰਘ' ਵਰਗੇ ਤਾਂ ਫਿਰ ਖੋਪਰੀ ਨੂੰ,
ਕਦੀ ਰੰਬੀਆਂ ਨਾਲ ਲੁਹਾਉਂਦੇ ਨਾ।
ਹੱਸ ਹੱਸ ਕੇ ਚਰੱਖੜੀ ਚੜ੍ਹਦੇ ਨਾ,
ਬੰਦ ਬੰਦ ਉਹ ਕਦੀ ਕਟਾਉਂਦੇ ਨਾ।
ਅੱਖਾਂ ਸਾਹਮਣੇ ਪੁਤ ਕੁਹਾਉਂਦੇ ਨਾ,
ਟੋਟੇ ਜਿਗਰ ਦੇ ਟੋਟੇ ਕਰਾਉਂਦੇ ਨਾ।

ਜੇ ਉਹ ਆਪ ਨਾ ਪੂਰਨੇ ਪਾ ਜਾਂਦੇ,
ਸਿੱਖ ਛਾਤੀ 'ਚ ਗੋਲੀਆਂ ਖਾਉਂਦੇ ਨਾ।
ਖੇਡ ਬੱਚਿਆਂ ਦੀ ਸਮਝ ਮੌਤ ਤਾਈਂ,
ਨਾਲ ਆਰਿਆਂ ਦੇ ਚੀਰੇ ਜਾਉਂਦੇ ਨਾ।
ਖ਼ਾਤਰ ਧਰਮ ਦੀ ਵੇਚ ਕੇ ਜਾਨ ਅਪਣੀ,
ਹੇਠ ਇੰਜਣਾਂ ਦੇ ਲੇਟ ਜਾਉਂਦੇ ਨਾ।
ਹਰੀ ਭਰੀ 'ਫੁਲਵਾੜੀ' ਅੱਜ ਦਿਸਦੀ ਨਾ,
ਜੇ ਉਹ ਬੂਟੇ ਸ਼ਹੀਦੀ ਦੇ ਲਾਉਂਦੇ ਨਾ।
'ਤਾਰਾ' ਜੀ ਅੱਜ ਡੁੱਬੀ ਹੋਈ ਕੌਮ ਹੁੰਦੀ,
ਜੇ ਕੁਰਬਾਨੀ ਦਾ ਬੇੜਾ ਚਲਾਉਂਦੇ ਨਾ।

ਇਕੋ ਜਿਹਾ ਪਿਆਰ ਤੇਰਾ

ਵਾਹ ਸਰਕਾਰ ! ਦਸਮੇਸ਼ ਬਾਜਾਂ ਵਾਲਿਆ ਵੇ,
ਵਾਹ ਤੇਰੀ ਸ਼ਾਨ ! ਵਾਹ ਉੱਚਾ ਦਰਬਾਰ ਤੇਰਾ।
ਵਾਹੁ ਵਾਹੁ ਆਖਦੇ ਨੇ ਦੁਨੀਆਂ ਦੇ ਲੋਕ ਸਾਰੇ,
ਹਰ ਇਕ ਜੀਵ ਕਰ ਰਿਹਾ ਇੰਤਜ਼ਾਰ ਤੇਰਾ।
ਕੋਈ ਆਖੇ 'ਗੁਰੂ ਸਾਡਾ' ਕੋਈ ਆਖੇ ਸਾਡਾ ਪੀਰ,
ਹਰ ਇਕ ਦਿਲ ਵਿਚ ਹੈਗਾ ਸਤਿਕਾਰ ਤੇਰਾ।
ਭੁੱਲ ਗਈ 'ਭੀਖਮ' ਨੂੰ ਕਾਬੇ ਦੀ ਨਿਮਾਜ਼ ਓਦੋਂ,
ਪਟਨੇ ਦੇ ਵਿਚ ਹੋਇਆ ਜਦੋਂ ਅਵਤਾਰ ਤੇਰਾ।
ਸੁਣ ਤੇਰਾ ਆਗਮਨ ਸੀ ਟੁਰ ਪਿਆ ਉਸੇ ਵੇਲੇ,
ਮੱਲਿਆ ਸੀ ਪਟਨੇ ਦੇ ਵਿਚ ਜਾ ਦਵਾਰ ਤੇਰਾ।
ਹਿੰਦੂਆਂ ਦਾ ਗੁਰੂ ਹੈਂ ਜਾਂ ਮੋਮਨਾਂ ਦਾ ਪੀਰ ਹੈਂ ਤੂੰ,
ਇਹੋ ਇਮਤਿਹਾਨ ਚਿਤ ਆਯਾ ਸੀ ਉਹ ਧਾਰ ਤੇਰਾ।
ਖੁਲ੍ਹ ਗਏ ਕਪਾਟ ਉਹਦੇ ਭਰਮ ਤੇ ਭੇਦ ਵਾਲੇ,
ਵੇਖਿਆ ਜਾਂ ਉਸ ਆ ਕੇ ਕੌਤਕ ਅਪਾਰ ਤੇਰਾ।
ਦੋਵੇਂ ਹੱਥ ਰਖੇ ਸੀ ਤੂੰ ਦੋਹਾਂ ਉਹਦੇ ਕੂਜਿਆਂ ਤੇ,
ਇਕੋ ਜਿਹਾ ਡਿੱਠਾ ਉਸ ਦੋਹਾਂ ਦਾ ਪਿਆਰ ਤੇਰਾ।
ਹਿੰਦੂ ਪਏ ਆਖਦੇ ਨੇ ਧਰਮ ਬਚਾਇਆ ਸਾਡਾ,
ਅਜ ਉਪਕਾਰ ਅਸਾਂ ਦਿਤਾ ਹੈ ਵਿਸਾਰ ਤੇਰਾ।
ਨਿਵੇਂ ਹੋਏ ਸਿਰ ਸਾਡੇ ਜਿਨ੍ਹਾਂ ਉਤੇ ਪਿਆ ਹੋਇਆ,
ਤੇਰਿਆਂ ਅਹਿਸਾਨਾਂ ਵਾਲੇ ਕਰਜ਼ੇ ਦਾ ਭਾਰ ਤੇਰਾ।
ਧਰਮ ਦੀ ਰਾਖੀ ਹਿਤ ਯੁਧ ਚਮਕੌਰ ਵਿਚ,

ਹੋ ਗਿਆ ਸ਼ਹੀਦ ਸੀ ਅਜੀਤ ਤੇ ਜੁਝਾਰ ਤੇਰਾ।
ਮਾਤਾ ਪਿਤਾ ਵਾਰੇ, ਵਾਰ ਜਾਨ ਤੋਂ ਪਿਆਰੇ ਪੁਤ,
ਮਿਟ ਗਿਆ ਸਾਡੇ ਹਿਤ ਸਾਰਾ ਪਰਵਾਰ ਤੇਰਾ।
'ਬੁਧੂ' ਜੇਹੇ ਸੱਯਦਾਂ ਤੇ ਮੋਮਨਾਂ ਦੇ ਪੀਰਾਂ ਨੇ ਵੀ,
ਪਾਲ ਕੇ ਵਿਖਾਈ ਸਿਖੀ ਵੇਖ ਕੇ ਪਿਆਰ ਤੇਰਾ।
ਔਰੰਗਜ਼ੇਬ ਜ਼ਾਲਮ ਦੇ ਪੁਤ ਨੂੰ ਦਿਵਾਈ ਸ਼ਾਹੀ,
ਕੀਤਾ ਸੀ ਸਵਾਲ ਜਿਸ ਲਭ ਕੇ ਦਵਾਰ ਤੇਰਾ।
ਮੂੰਹੋਂ ਬੋਲ ਬੋਲ ਕੇ ਤੇ ਆਖਦੀ ਮਿਸਾਲ ਇਹੋ,
ਦੁਸ਼ਟਾਂ ਨੂੰ ਮਾਰਨਾ ਸੀ ਕਾਰ ਰੁਜ਼ਗਾਰ ਤੇਰਾ।
ਕਿਸੇ ਦੀਨ ਨਾਲ ਤੇਰਾ ਵੈਰ ਤੇ ਵਿਰੋਧ ਨਾ ਸੀ,
ਇਕੋ ਜਿਹਾ ਸਾਰਿਆਂ ਦੇ ਨਾਲ ਸੀ ਪਿਆਰ ਤੇਰਾ।
ਹਿੰਦੂਆਂ ਤੇ ਮੋਮਨਾਂ ਨੂੰ ਇਕੋ ਅੱਖ ਵੇਖਦਾ ਹੈਂ,
ਜ਼ਾਲਮਾਂ ਦਾ ਵੈਰੀ ਹੈਂ ਤੂੰ ਯਾਰ ਸਚਿਆਰ ਤੇਰਾ।
ਭਾਨ ਦੇ ਸਮਾਨ ਪਰਕਾਸ਼ ਤੇਰਾ ਸਭ ਥਾਈਂ,
ਹਰ ਇਕ ਦਿਲ ਵਿਚ ਪਵੇ ਝਲਕਾਰ ਤੇਰਾ।
ਲੈ ਕੇ ਤਲਵਾਰ 'ਸੈਦ ਖ਼ਾਨ' ਲੈਣ ਵਾਰ ਆਇਆ,
ਚਲ ਗਿਆ ਸੀਨੇ ਉਹਦੇ ਨਜ਼ਰਾਂ ਦਾ ਵਾਰ ਤੇਰਾ।
ਡਿਗ ਪਿਆ ਚਰਨੀਂ ਤੇ ਲਗਾ ਪਛਤਾਣ ਫਿਰ,
ਬਣਿਆ ਮੁਰੀਦ ਹੋ ਕੇ ਪ੍ਰੇਮ ਦਾ ਸ਼ਿਕਾਰ ਤੇਰਾ।
ਕਿਨ੍ਹਾਂ ਦਾ ਪ੍ਰੀਤਮ ਹੈਂ ਤੂੰ, ਕਿਹੜੇ ਨੇ ਪਿਆਰੇ ਤੇਰੇ?
ਗਿਣ ਗਿਣ ਦਸਾਂ ਕੀ ਮੈਂ, ਸਾਰਾ ਸੰਸਾਰ ਤੇਰਾ।
ਵਾਰ ਵਾਰ ਜਾਵਾਂ ਉਸ ਵਾਰ ਤੋਂ ਮੈਂ ਵਾਰ ਵਾਰ,
ਹੋਇਆ ਅਵਤਾਰ ਜਿਸ ਭਾਗਾਂ ਵਾਲੇ ਵਾਰ ਤੇਰਾ।

ਅੰਮ੍ਰਿਤ ਸ਼ਕਤੀ

ਹੱਥੀਂ ਕੱਖ ਨਾ ਸਕਦੇ ਭੰਨ ਜਿਹੜੇ,
ਸੁੱਕੇ ਜਿਨ੍ਹਾਂ ਦੇ ਤੀਲੇ ਸਰੀਰ ਹੋਵਨ।
ਜਦੋਂ ਕਲਗੀਆਂ ਵਾਲੇ ਦਾ ਪੀਣ ਅੰਮ੍ਰਿਤ,
ਗਿੱਦੜ ਸ਼ੇਰ ਹੋਵਨ, ਸੂਰਬੀਰ ਹੋਵਨ।
ਜਿਵੇਂ ਇਕੋ ਹੀ ਮਾਤਾ ਦਾ ਦੁਧ ਪੀ ਕੇ,
ਵੀਰ ਵੀਰ ਸਾਰੇ ਹਮ ਸ਼ੀਰ ਹੋਵਨ।
ਤਿਵੇਂ ਗੁਰੂ ਦਸਮੇਸ਼ ਦਾ ਪੀ ਅੰਮ੍ਰਿਤ,
ਇਕੋ ਪਿਤਾ ਦੇ ਪੁੱਤ ਸਭ ਵੀਰ ਹੋਵਨ।

ਨੀਵੇਂ ਨੀਚਾਂ ਨੂੰ ਉਚਿਆਂ ਕਰਨ ਵਾਲੀ,
ਉੱਚੀ ਕਲਗੀਆਂ ਵਾਲੇ ਦੀ ਦਾਤ ਅੰਮ੍ਰਿਤ।
ਮੁਰਦਾ ਦਿਲਾਂ ਨੂੰ ਕਰੇ ਸੁਰਜੀਤ ਜਿਹੜਾ,
ਇਹ ਉਹੀ ਜੇ ਆਬਿ-ਹਯਾਤ ਅੰਮ੍ਰਿਤ।

ਜਦੋਂ ਖਾਲਸਾ ਗੁਰੂ ਨੇ ਸਾਜਿਆ ਸੀ,
ਊਚ ਨੀਚ ਪਹਿਲੋਂ ਛੱਟ ਕੇ ਰਖ ਦਿਤੇ।
ਦਿਤਾ ਅੰਮ੍ਰਿਤ ਕਿ ਪੀ ਕੇ ਕਾਇਰਾਂ ਭੀ,
ਸੀਸ ਕੱਟ ਕਰ ਕੇ ਝੱਟਕੇ ਰਖ ਦਿਤੇ।
ਪੈਦਾ ਹੁੰਦਿਆਂ ਗੁਰੂ ਦੇ ਖ਼ਾਲਸੇ ਨੇ,
ਬੂਟੇ ਪਾਪ ਦੇ ਪੱਟ ਕੇ ਰੱਖ ਦਿਤੇ।

ਕਲਗੀ ਵਾਲੇ ਦੇ ਝੰਡੇ ਦੇ ਹੇਠ ਆ ਕੇ,
ਜ਼ੁਲਮੀ ਰਾਜ ਪਲੱਟ ਕੇ ਰੱਖ ਦਿਤੇ ।

ਛੱਕ ਕੇ ਮੁਰਦੇ ਭੀ ਜਿਸ ਨੂੰ ਅਮਰ ਹੋਏ,
ਦਾਰੂ ਉਹ ਹੈ ਇਹ ਬੇ ਨਜ਼ੀਰ ਅੰਮ੍ਰਿਤ ।
ਭਾਵੇਂ ਛੱਕ ਕੇ ਤੱਕ ਬੇਸ਼ੱਕ ਲਵੋ,
ਕਲਗੀ ਵਾਲੇ ਦਾ ਇਹ ਅਕਸੀਰ ਅੰਮ੍ਰਿਤ ।

ਸਾਨੂੰ ਖੰਡੇ ਦੇ ਅੰਮ੍ਰਿਤ ਨੇ ਦਸ ਦਿੱਤਾ,
ਧਰਮ ਯੁੱਧ ਵਿਚ ਖੰਡਾ ਚਲਾਈ ਦਾ ਕਿੰਵ ।
ਕੇਸ ਕੜੇ ਕਿਰਪਾਨ ਦੀ ਆਨ ਖ਼ਾਤਰ,
ਨਾਲ ਖੰਡਿਆਂ ਸੀਸ ਕਟਾਈ ਦਾ ਕਿੰਵ ।
ਪਾਠ ਬਾਣੀ ਦਾ ਖੰਡ ਤੋਂ ਵੱਧ ਮਿੱਠਾ,
ਆਪ ਕਰ ਕੇ ਹੋਰਾਂ ਕਰਾਈ ਦਾ ਕਿੰਵ ।
ਰਹਿਤ ਸਿੱਖੀ ਦੀ ਖੰਡਿਓਂ ਵੱਧ ਤਿਖੀ,
ਰੱਖ ਕੇ ਹੋਰਾਂ ਨੂੰ ਰਖਣੀ ਸਿਖਾਈ ਦਾ ਕਿੰਵ ।

ਤਰ ਗਏ ਸਭ ਸੰਸਾਰ ਦੇ ਸਾਗਰਾਂ ਚੋਂ,
ਜਿਨ੍ਹਾਂ ਇਕ ਵੇਰੀ ਅੰਮ੍ਰਿਤ ਛਕਿਆ ਏ ।
ਜਿਨ੍ਹਾਂ ਰਹਿਤ ਰੱਖੀ ਸੋ ਅਮਰ ਹੋਏ,
ਉਨ੍ਹਾਂ ਕਾਲ ਭੀ ਮਾਰ ਨਾ ਸਕਿਆ ਏ ।

ਅੰਮ੍ਰਿਤ ਦਾਤਿਆ ਕਲਗੀਆਂ ਵਾਲਿਆ ਵੇ,
ਤੇਰੇ ਅੰਮ੍ਰਿਤ ਦੇ ਕੌਤਕ ਅਪਾਰ ਵੇਖੇ ।
ਜਿਨ੍ਹਾਂ ਪਿਆਰਿਆਂ ਨੇ ਅੰਮ੍ਰਿਤ ਛਕਿਆ ਸੀ,

ਸੋਭਾ ਪਾਂਵਦੇ ਤੇਰੇ ਦਰਬਾਰ ਵੇਖੇ।
ਜਿਨ੍ਹਾਂ ਅੱਖਾਂ ਤੇ ਪਿਆ ਸੀ ਇਕ ਛੱਟਾ,
ਉਨ੍ਹਾਂ ਅੱਖਾਂ ਨੇ ਤੇਰੇ ਦੀਦਾਰ ਵੇਖੇ।
ਜਿਹੜੇ ਰਹੇ ਖ਼ਾਲੀ ਹਥ ਮਲਦੇ ਰਹੇ,
ਦਰ ਦਰ ਤੇ ਹੁੰਦੇ ਖ਼ਵਾਰ ਵੇਖੇ।

ਏਥੇ ਕਾਗਜ਼ ਨਾ ਕਲਮ ਦਵਾਤ ਕੋਈ,
ਲਿਖਣ ਵਾਸਤੇ ਵੀ ਲੰਮਾ ਵਕਤ ਹੈ ਨਹੀਂ।
ਤੇਰੇ ਅੰਮ੍ਰਿਤ ਦੀ ਸ਼ਕਤੀ ਨੂੰ ਲਿਖ ਸਕੇ,
ਤੇਰੇ 'ਤਾਰੇ' ਨਿਮਾਣੇ 'ਚ ਸ਼ਕਤ ਹੈ ਨਹੀਂ।

ਕੀਤੇ ਫਾੜ ਬੇਦਾਵੇ ਦੇ ਚਾਰ ਟੋਟੇ

ਲੋਕਾਂ ਕਿਹਾ ਕੁਰਬਾਨੀ ਦੀ ਹੱਦ ਹੋ ਗਈ,
ਚੜ੍ਹਿਆ ਹੱਸ ਕੇ ਜਦੋਂ ਮਨਸੂਰ ਸੂਲੀ।
ਮਰਦ ਸਿਖ ਮਨਸੂਰ ਨੂੰ ਮਾਤ ਕਰ ਗਏ,
ਚੜ੍ਹੇ ਓਸ ਵਰਗੇ ਲੱਖਾਂ ਸੂਰ ਸੂਲੀ।
ਸ਼ਾਹਬਾਜ਼ ਤੇ ਸਿੰਘ ਸੁਬੇਗ ਦੋਵੇਂ,
ਪਿਉ ਪੁੱਤ ਚੜ੍ਹੇ ਬੇਕਸੂਰ ਸੂਲੀ।
ਕੀਤੀ 'ਸੀ' ਨਾ ਸੀ ਐਪਰ ਸੀ ਕੀਤੀ,
ਹੱਸ ਹੱਸ ਕੇ ਦੋਹਾਂ ਮਨਜ਼ੂਰ ਸੂਲੀ।

ਵੱਧ ਵੱਧ ਕੇ ਤੇ ਅਗੇ ਜਾਂਵਦੇ ਸੀ,
ਪਈ ਹਟਦੀ ਸੀ ਦੂਰ ਦੂਰ ਸੂਲੀ।
ਵੇਖ ਵੇਖ ਕੇ ਸਬਰ ਕੁਰਬਾਨੀਆਂ ਦਾ,
ਹੋਈ ਟੁਟ ਕੇ ਸੀ ਚੂਰ ਚੂਰ ਸੂਲੀ।

ਸਿਖ ਸਦਾ ਤੋਂ ਸਿਦਕ ਸਚਾਈ ਖ਼ਾਤਰ,
ਹੱਸ ਹੱਸ ਕੇ ਜਿੰਦੜੀ ਵਾਰਦੇ ਰਹੇ।
ਵੇਖ ਵੇਖ ਕੇ ਸੂਲੀਆਂ ਸਾਲੀਆਂ ਨੂੰ,
ਕਰਦੇ ਟਿਚਕਰਾਂ ਤੇ ਮੇਹਣੇ ਮਾਰਦੇ ਰਹੇ।
ਸਿਰੋਂ ਖੋਪਰੀ ਲੱਥਣੀ ਓਪਰੀ ਨਹੀਂ,
ਤਾਰੂ ਸਿੰਘ ਦੀ ਵੇਖੋ ਉਤਾਰਦੇ ਰਹੇ।

ਇੱਟਾਂ ਲਾ ਲਾ ਆਪਣੇ ਸਿਰਾਂ ਦੀਆਂ,
ਸਿੱਖੀ ਸਿੱਦਕ ਦੇ ਮਹਿਲ ਉਸਾਰਦੇ ਰਹੇ ।

ਦੁਨੀਆਂ ਮੌਤ ਸਮਝੇ, ਡਰ ਕੇ ਪਿਛਾਂ ਨੱਠੇ,
ਸਿੱਖ ਸਮਝਦੇ ਨੇ ਪਰੀ ਹੂਰ ਸੂਲੀ।
ਹੈ ਪਹੁੰਚਾਂਵਦੀ ਮੁਕਤ ਦੇ ਮਹਿਲ ਅੰਦਰ,
ਤੇ ਲਿਜਾਂਵਦੀ ਸੱਚੇ ਹਜ਼ੂਰ ਸੂਲੀ।

ਸਿੱਖਾਂ ਸਿਖਿਆ ਜਿਥੋਂ ਕੁਰਬਾਨ ਹੋਣਾ,
ਸਾਂਈਆਂ ਕਦੀ ਨਾ ਉਹ ਸਕੂਲ ਟੁੱਟੇ।
ਟੁੱਟ ਜਾਏ ਹਿਮਾਲਾ ਦਾ ਲੱਕ ਭਾਵੇਂ,
ਸਿੱਖੀ ਸਿਦਕ ਦਾ ਪਰ ਨਾ ਅਸੂਲ ਟੁੱਟੇ।
ਸੱਚੇ ਸਿੱਖ ਦਾ ਹੌਸਲਾ ਟੁੱਟਦਾ ਨਹੀਂ,
ਭਾਵੇਂ ਜਾਨ ਤੇ ਲੱਖ ਨਜ਼ੂਲ ਟੁੱਟੇ।
ਸਿਦਕ ਵੇਖ ਸੂਲੀ ਭਾਵੇਂ ਟੁੱਟ ਜਾਵੇ,
ਸਿਦਕ ਵਾਣ ਦਾ ਸਿਦਕ ਨਾ ਮੂਲ ਟੁੱਟੇ।

ਹਾਮੀ ਸਿਦਕ ਅਸੂਲ ਦੇ ਸਿੱਖ ਸਚੇ,
ਰਹਿਣ ਸਮਝਦੇ ਰਬ ਦਾ ਨੂਰ ਸੂਲੀ।
ਕਿਉਂਕਿ ਸਚੇ ਸ਼ਹੀਦਾਂ ਰਸੀਲਿਆਂ ਨੂੰ,
ਚਾੜ੍ਹ ਪਾਰ ਕਰਦੀ ਪਹਿਲੇ ਪੂਰ ਸੂਲੀ।

ਲਾਹ ਪੰਥ ਦਾ ਰੱਖ ਕੇ ਮੁਖ ਅਗੇ,
ਕਲਗੀ ਵਾਲੇ ਨੇ ਸਹੇ ਹਜ਼ਾਰ ਟੋਟੇ।
ਸਿਖਾਂ ਤਾਈਂ ਕੁਰਬਾਨੀ ਦਾ ਸਬਕ ਦਿਤਾ,

ਚਾਰੇ ਆਪਣੇ ਜਿਗਰ ਦੇ ਵਾਰ ਟੋਟੇ।
ਸਚੀ ਸੁਚੀ ਕੁਰਬਾਨੀ ਤੋਂ ਖ਼ੁਸ਼ ਹੋ ਕੇ,
ਕੀਤੇ ਫਾੜ ਬੇਦਾਵੇ ਦੇ ਚਾਰ ਟੋਟੇ।
ਚੁਣ ਚੁਣ ਹਥੀਂ ਸ਼ਹੀਦਾਂ ਪਿਆਰਿਆਂ ਨੇ,
ਪਿਆਰ ਨਾਲ ਚੁੰਮੇ ਵਾਰ ਵਾਰ ਟੋਟੇ।

ਆਪੂੰ ਲੇਟ ਕੇ ਸੂਲਾਂ ਦੀ ਸੇਜ ਉਤੇ,
ਸਾਨੂੰ ਚਾੜ੍ਹਨੀ ਸਿਖਾਈ ਹਜ਼ੂਰ ਸੂਲੀ।
ਜੇ ਤੂੰ ਹੂਰ ਕੁਰਬਾਨੀ ਪਰਨਾਉਣੀ ਹੈ,
ਤਾਂ ਤੂੰ 'ਤਾਰਿਆ' ਮੰਗ ਜ਼ਰੂਰ ਸੂਲੀ।

ਸਿਖੀ ਪਰਚਾਰ ਦੀ ਲੋੜ

ਸਿਖ ਕੌਮ ਤੇਰਾ ਦੁਖੀ ਹਾਲ ਤਕ ਕੇ,
ਮੇਰਾ ਕਾਲਜਾ ਮੂੰਹ ਨੂੰ ਆ ਰਿਹਾ ਏ।
ਛਹਿੰਦੀ ਵੇਖ ਹਾਲਤ ਵਾਲ ਵਾਲ ਮੇਰਾ,
ਲਾਲ ਲਹੂ ਦੇ ਹੰਝੂ ਵਹਾ ਰਿਹਾ ਏ।
ਉਠ, ਉਠ, ਨਹੀਂ ਤਾਂ ਲੁਟੀ ਜਾਵਸੇਂ ਤੂੰ,
ਸਮਾਂ ਸੈਨਤਾਂ ਨਾਲ ਸਮਝਾ ਰਿਹਾ ਏ।
ਫ਼ੈਸ਼ਨ ਪਛਮੀਂ ਪਛਮੋਂ ਆਣ ਵੜਿਆ,
ਤੈਨੂੰ ਘੁਣ ਦੇ ਵਾਂਗਰਾਂ ਖਾ ਰਿਹਾ ਏ।

ਭਾਂਬੜ ਫੁਟ ਦੇ ਬਾਲੇ ਨੇ ਦਿਲਾਂ ਅੰਦਰ,
ਕੌਮੇਂ ਮੇਲ ਮਿਲਾਪ ਦੀ ਥੋੜ ਦਿਸਦੀ।
ਉਠ ਜਾਗ ਤੇ ਲੱਕ ਬੰਨ੍ਹ ਅਜ ਤੋਂ ਹੀ,
ਪਈ ਸਿਖੀ ਪਰਚਾਰ ਦੀ ਲੋੜ ਦਿਸਦੀ।

ਉਧਰ ਵੇਖਿਆ ਈ, ਤੇਰੇ ਸਿਖ ਬਚੇ,
ਕਿਵੇਂ ਫ਼ੈਸ਼ਨਾਂ ਦੇ ਲਟੂ ਹੋ ਰਹੇ ਨੇ।
ਪੁਤਰ ਸਿਖੀ ਨੂੰ ਛਡ ਕੇ ਹਸ ਰਹੇ ਨੇ,
ਮਾਪੇ ਅੰਦਰੋ ਅੰਦਰੀ ਰੋ ਰਹੇ ਨੇ।
ਧਰਮ, ਸਿਦਕ ਨਿਤ ਨੇਮ ਦਾ ਨੇਮ ਛਡ ਕੇ,
ਲਖਾਂ ਪਾਪਾਂ ਦਾ ਹਾਰ ਪਰੋ ਰਹੇ ਨੇ।

ਮੂਰਖ ਸਮਝਦੇ ਨਹੀਂ ਬੇਫ਼ਿਕਰ ਹੋ ਕੇ,
ਤੇਲ ਪੰਥ ਦੀਆਂ ਜੜ੍ਹਾਂ 'ਚ ਚੋ ਰਹੇ ਨੇ ।

ਕਲੀ ਤੂੰ ਏਧਰ ਤੇਰੀ ਜਾਨ ਉਤੇ,
ਪੈਂਦੀ ਪਈ ਬਲਾ ਖ਼ੋੜ ਦਿਸਦੀ।
ਢਾਹ ਸਿਖੀ ਨੂੰ ਲਗ ਰਹੀ ਚਵ੍ਹੀਂ ਪਾਸੀਂ,
ਤੈਨੂੰ ਨਹੀਂ ਪਰਚਾਰ ਦੀ ਲੋੜ ਦਿਸਦੀ।

ਢਿਲੀ ਕੌਮ ਜੋ ਹੋਏ ਪਰਚਾਰ ਵਲੋਂ,
ਕਦੀ ਜਗ ਤੇ ਫੁਲਦੀ ਫਲਦੀ ਨਹੀਂ ।
ਮਿਟ ਜਾਂਵਦਾ ਨਾਮ ਨਿਸ਼ਾਨ ਉਸ ਦਾ,
ਜਿਹੜੀ ਧਰਮ, ਸਚਾਈ ਤੇ ਚਲਦੀ ਨਹੀਂ ।
ਕੌਮ ਆਲਸੀ ਪੈਂਡਿਓਂ ਪਛੜ ਜਾਂਦੀ,
ਅਗੇ ਲੰਘੀਆਂ ਕੌਮਾਂ ਨੂੰ ਰਲਦੀ ਨਹੀਂ ।
ਮੁਰਦਾ ਹੋ ਜਾਂਦੀ ਦੂਜੀ ਕੌਮ ਅਗੇ,
ਦਾਲ ਓਸ ਦੀ ਰਤੀ ਵੀ ਗਲਦੀ ਨਹੀਂ ।

ਕੌਮ ਹੋਰਨਾਂ ਦੀ ਵੇਖ ਜਗ ਅੰਦਰ,
ਜ਼ਿਦੋ ਜ਼ਿਦ ਲਗੀ ਘੋੜ ਦੌੜ ਦਿਸਦੀ।
ਖ਼ਬਰੇ ਕੀ ਹੋਇਆ ਅੱਖਾਂ ਤੇਰੀਆਂ ਨੂੰ,
ਤੈਨੂੰ ਨਹੀਂ ਪਰਚਾਰ ਦੀ ਲੋੜ ਦਿਸਦੀ।

ਸਿੱਖ ਨੌਜਵਾਨੋ ਜਾਗੋ

ਕੂਕ ਕੂਕ ਕੇ ਕਾਲ ਜਗਾ ਰਿਹਾ ਏ,
ਘੂਕ ਸੁਤਿਓ ਨੌ ਨਿਹਾਲੋ ਜਾਗੋ ।
ਸਿੱਖ ਕੌਮ ਦੇ ਨੌ ਜਵਾਨੋ ਉਠੋ,
ਹੁਣ ਸਮਾਂ ਜੇ ਸਮਾਂ ਸੰਭਾਲੋ ਜਾਗੋ ।
ਸੁੱਕੇ ਜਾਂਵਦੇ ਸਿੱਖੀ ਦੇ ਸਬਜ਼ ਬੂਟੇ,
ਪਾਣੀ ਪਾ ਪਰਚਾਰ ਦਾ ਪਾਲੋ ਜਾਗੋ ।
ਸੌਂ ਗਏ ਹੋ ਸਿੰਘਾਂ ਦੇ ਪੁੱਤ ਹੋ ਕੇ,
ਭਬਕ ਸ਼ੇਰਾਂ ਦੀ ਉਠ ਕੇ ਵਿਖਾਲੋ ਜਾਗੋ ।

ਸਮਾਂ ਕੀਮਤੀ ਕੌਮ ਸੁਧਾਰ ਵਾਲਾ,
ਹਾਏ ਗ਼ਫ਼ਲਤਾਂ ਵਿਚ ਨਾ ਟਾਲੋ ਜਾਗੋ ।
ਅੱਖਾਂ ਖੋਲ੍ਹੋ ਜ਼ਮਾਨੇ ਦੀ ਚਾਲ ਵੇਖੋ,
ਮੇਰੀ ਕੌਮ ਦੇ ਹੀਰਿਓ ਲਾਲੋ ਜਾਗੋ ।

ਅੱਜ ਕੱਲ ਦੀ ਨਵੀਂ ਤਹਜ਼ੀਬ ਅੰਦਰ,
ਕਈ ਝੱਖੜ ਜ਼ਮਾਨੇ ਦੇ ਝੁਲ ਰਹੇ ਨੇ ।
ਸਾਨੂੰ ਪੁੱਠੀਆਂ ਮੱਤਾਂ ਸਿਖਾਣ ਵਾਲੇ,
ਨਵੇਂ ਨਵੇਂ ਸਕੂਲ ਅਜ ਖੁਲ੍ਹ ਰਹੇ ਨੇ ।
ਸ਼ੂੰਕਾ ਸ਼ਾਂਕੀਆਂ, ਪਛਮੀ ਫ਼ੈਸ਼ਨਾਂ ਵਿਚ,
ਨੌ ਜਵਾਨ ਸਾਡੇ ਆਪ ਭੁੱਲ ਰਹੇ ਨੇ ।

ਪੁੱਤ ਕੋਟ ਪਤਲੂਨਾਂ ਨੇ ਪਾਈ ਫਿਰਦੇ,
ਮਾਪੇ ਰੋਟੀਓਂ ਬਿਨਾਂ ਹੀ ਰੁਲ ਰਹੇ ਨੇ।

ਐ ਗਭਰੂ ਛੈਲ ਛਬੀਲ ਵੀਰੋ,
ਆਪ ਉਠੋ ਤੇ ਹੋਰਾਂ ਉਠਾਲੋ ਜਾਗੋ।
ਅੱਖਾਂ ਖੋਲ੍ਹੋ ਜ਼ਮਾਨੇ ਦੀ ਚਾਲ ਵੇਖੋ,
ਮੇਰੀ ਕੌਮ ਦੇ ਹੀਰਿਓ ਲਾਲੋ ਜਾਗੋ।

ਗਈ ਗੁਜ਼ਰੀ ਕੌਮ ਦੀ ਸ਼ਾਨ ਸੋਹਣੀ,
ਤੁਸੀ ਜੀਉਂਦੀ ਕਰ ਕੇ ਵਿਖਾਓ ਉਠੋ।
ਡੂੰਘੇ ਵਹਿਣ ਇਹ ਪਛਮੀ ਨਦੀਆਂ ਦੇ,
ਨਾਲ ਸਿਦਕ ਦੇ ਤਰ ਕੇ ਵਿਖਾਓ ਉਠੋ।
ਜਿਕੂੰ ਰੀਤ ਹੈ ਤੁਹਾਡਿਆਂ ਵਡਿਆਂ ਦੀ,
ਕਸ਼ਟ ਕੌਮ ਹਿਤ ਜਰ ਕੇ ਵਿਖਾਓ ਉਠੋ।
ਖ਼ਾਤਰ ਕੌਮ ਦੀ ਜੀਉਂਦੇ ਰਵ੍ਹੋ ਜਾਗੋ,
ਖ਼ਾਤਰ ਕੌਮ ਦੀ ਮਰ ਕੇ ਵਿਖਾਓ, ਉਠੋ।

ਆਪਣੇ ਆਦ੍ਰਸ਼ ਉਚੇ ਹਮੇਸ਼ ਰਖਦੇ,
ਘਾਲਾਂ ਵਡੀਆਂ ਵਡੀਆਂ ਘਾਲੋ ਜਾਗੋ।
ਘੂਕ ਸੁੱਤਿਓ ਨੌ-ਨਿਹਾਲੋ ਜਾਗੋ,
ਮੇਰੀ ਕੌਮ ਦੇ ਹੀਰਿਓ ਲਾਲੋ ਜਾਗੋ।

ਆਪੋ ਵਿਚ ਪ੍ਰੇਮ ਪਿਆਰ ਵੀ ਨਹੀਂ,
ਇਕ ਦੂਜੇ ਦੇ ਦਰਦ ਦੀ ਗੱਲ ਵੀ ਨਹੀਂ।

ਦਸੋ ਹੋਰ ਕੀ ਅਸਾਂ ਸਵਾਰਨਾ ਏਂ,
ਸਾਨੂੰ ਮਿਲ ਕੇ ਬਹਿਣ ਦਾ ਵੱਲ ਵੀ ਨਹੀਂ।
ਆਪੋ-ਧਾਪੀਆਂ ਦਾ ਹੋਵੇ ਜ਼ੋਰ ਜਿਥੇ,
ਉਥੇ ਬੁਧ ਵੀ ਨਹੀਂ ਅਤੇ ਬੱਲ ਵੀ ਨਹੀਂ।
ਕਲ ਕਲ ਜਿਸ ਕੌਮ ਵਿਚ ਆ ਜਾਵੇ,
ਉਹ ਅਜ ਵੀ ਨਹੀਂ ਅਤੇ ਕੱਲ ਵੀ ਨਹੀਂ।

ਸਿਖ ਕੌਮ ਦੇ 'ਤਾਰਿਓ' ਚੰਨੋਂ ਚਮਕੋ,
ਕਾਲੀ ਫੁਟ ਨੂੰ ਬਾਹਰ ਨਿਕਾਲੋ ਜਾਗੋ।
ਅੱਖਾਂ ਖੋਲ੍ਹੋ ਜ਼ਮਾਨੇ ਦੀ ਚਾਲ ਵੇਖੋ,
ਮੇਰੀ ਕੌਮ ਦੇ ਹੀਰਿਓ ਲਾਲੋ ਜਾਗੋ।

ਕੁਝ ਆਪਣਾ ਆਪ ਸਵਾਰ ਲਈਏ

ਇਹੋ ਸਮਾਂ ਹੈ ਸਾਡਾ ਪਿਆਰਿਓ ਵੇ,
ਆਪਣਾ ਭਲਾ ਜਾਂ ਬੁਰਾ ਵਿਚਾਰ ਲਈਏ।
ਕੀ ਹਾਂ ਅਸੀਂ ਅਸਾਡੜੇ ਕੰਮ ਕੀ ਨੇ ?
ਕੰਘੀ ਆਪਣੇ ਦਿਲਾਂ ਵਿਚ ਮਾਰ ਲਈਏ।
ਮਿਲੀ ਜ਼ਿੰਦਗੀ ਸਾਨੂੰ ਵਿਦਿਆਰਥੀ ਦੀ,
ਖ਼ਾਹ ਸੰਵਾਰ ਲਈਏ ਖ਼ਾਹ ਵਿਗਾੜ ਲਈਏ।
ਕੁਝ ਲਿਖਣਾ ਪੜ੍ਹਨਾ ਸਿਖ ਲਈਏ,
ਯਾਂ ਕਿ ਵਿਹਲਿਆਂ ਵਕਤ ਗੁਜ਼ਾਰ ਲਈਏ ?

ਕੌਮਾਂ ਸੁਤੀਆਂ ਅਸਾਂ ਜਗਾਣੀਆਂ ਨੇ,
ਇਹ ਦਿਲਾਂ ਵਿਚ ਧਾਰਨਾਂ ਧਾਰ ਲਈਏ।
ਸਾਡਾ ਸਮਾਂ ਹੈ ਆਪਾ ਸੁਆਰਨੇ ਦਾ,
ਆਓ, ਆਪਣਾ ਆਪ ਸਵਾਰ ਲਈਏ।

ਨਿਕੇ ਬੂਟੇ ਨਿਵਾਂਦਿਆਂ ਨਿਵ ਜਾਂਦੇ,
ਵਡੇ ਰੁਖ ਝੁਕਾਇਆਂ ਝੁਕਦੇ ਨਹੀਂ।
ਨਿਕੇ ਹੁੰਦਿਆਂ ਕੰਮ ਜੋ ਸਿਖ ਲਈਏ,
ਵੱਡੇ ਹੋ ਕੇ ਰੋਕਿਆਂ ਰੁਕਦੇ ਨਹੀਂ।
ਗੁਣ ਬਾਲ ਅਵਸਥਾ ਦੇ ਸਿਖੇ ਹੋਏ,
ਕਦੀ ਵਡਿਆਂ ਹੋ ਕੇ ਮੁੱਕਦੇ ਨਹੀਂ।

ਪਾਣੀ ਵਿਦਿਆ ਦਾ ਪਿਆ ਜਿਨ੍ਹਾਂ ਤਾਈਂ,
ਬੂਟੇ ਕਦੀ ਉਹ ਅਕਲ ਦੇ ਸੁੱਕਦੇ ਨਹੀਂ ।

ਇਸੇ ਕੀਮਤੀ ਬਾਲ ਅਵਸਥਾ ਵਿਚ,
ਕਿਉਂ ਨਾ ਵਿਦਿਆ ਦੇ ਭਰ ਭੰਡਾਰ ਲਈਏ।
ਕੰਮ ਆਂਵਦੇ ਰਹਿਣ ਜੋ ਉਮਰ ਸਾਰੀ,
ਸੋਭਾ ਸਦਾ ਹੀ ਵਿਚ ਸੰਸਾਰ ਲਈਏ ।

ਮੁਰਦਾ ਕੌਮਾਂ ਨੂੰ ਇਸ ਸੰਸਾਰ ਅੰਦਰ,
ਜ਼ਿੰਦਾ ਕਰਨ ਵਾਲੇ ਨੌਜਵਾਨ ਹੁੰਦੇ ।
ਇਹੋ ਬੱਚੇ ਹੀ ਕੌਮਾਂ ਦੀ ਜਾਨ ਹੁੰਦੇ,
ਇਹੋ ਬੱਚੇ ਹੀ ਕੌਮਾਂ ਦਾ ਮਾਨ ਹੁੰਦੇ ।
ਇਹੋ ਬੱਚੇ ਹੀ ਵਿਦਿਆ ਪੜ੍ਹ ਪੜ੍ਹ ਕੇ,
'ਟੈਗੋਰ' ਵਰਗੇ ਨੇ ਵਿਦਵਾਨ ਹੁੰਦੇ ।
ਕੰਮ ਬੱਚਿਆਂ ਦੇ ਵੇਖ ਵੇਖ ਕੇ ਤੇ,
ਲੋਕੀ ਦੁਨੀਆਂ ਵਿਚ ਹੈਰਾਨ ਹੁੰਦੇ ।

ਆਪਣੇ ਆਦਰਸ਼ ਉਚੇ ਹਮੇਸ਼ ਰੱਖ ਕੇ,
ਕਰ ਆਪਣਾ ਆਪ ਤਿਆਰ ਲਈਏ ।
ਕੁੰਜੀ ਫ਼ਤਹਿ ਦੀ ਸਾਡੇ ਹੀ ਹੱਥ ਹੈ ਫਿਰ,
ਤਾਲਾ ਖੋਲ੍ਹ ਲਈਏ ਭਾਵੇਂ ਮਾਰ ਲਈਏ ।

ਪਹਿਲਾ ਕੰਮ ਕਿ ਵਿਦਿਆ ਪੜ੍ਹ ਸਾਰੇ,
ਅਸੀਂ ਇਸ ਦਾ ਕਰ ਪਰਚਾਰ ਲਈਏ ।

ਦੂਜਾ ਇਹ ਕਿ ਫੁਟ ਨੂੰ ਦੂਰ ਕਰ ਕੇ,
ਪਾ ਆਪਸ ਦੇ ਵਿਚ ਪਿਆਰ ਲਈਏ।
ਤੀਜਾ ਮਾਪਿਆਂ, ਮਾਸਟਰਾਂ, ਵਡਿਆਂ ਦਾ,
ਸਦਾ ਆਦਰ ਤੇ ਕਰ ਸਤਕਾਰ ਲਈਏ।
ਚੌਥਾ ਬਾਣੀ ਦੇ ਨਾਲ ਪ੍ਰੇਮ ਕਰ ਕੇ,
ਸਦਾ ਵਾਹਿਗੁਰੂ ਨਾਮ ਚਿਤਾਰ ਲਈਏ।

ਗੱਲਾਂ ਚੰਗੀਆਂ ਇਹ ਗ੍ਰਹਿਣ ਕਰ ਕੇ,
ਬੇੜੀ 'ਤਾਰਿਆ' ਜਗ 'ਚੋਂ ਤਾਰ ਲਈਏ।
ਜੇ ਨਹੀਂ ਲੋਕਾਂ ਦਾ ਕੁਝ ਸਵਾਰ ਸਕਦੇ,
ਤਾਂ ਕੁਝ ਆਪਣਾ ਆਪ ਸਵਾਰ ਲਈਏ।

ਭਾਗ ਦੂਜਾ

ਖੁਲ੍ਹੀਆਂ ਕਵਿਤਾਵਾਂ

ਮੇਰਾ ਪਿਆਰਾ ਦੇਸ਼ ਤੇ ਮੇਰਾ ਫ਼ਰਜ਼

ਜਿਵੇਂ ਦੇਸ ਇੰਗਲੈਂਡ ਦੇ ਵਾਸੀਆਂ ਨੂੰ,
ਦਿਲੋਂ ਲਗਦਾ ਏ ਇੰਗਲਸਤਾਨ ਚੰਗਾ।
ਚੀਨ ਜਿਸ ਤਰ੍ਹਾਂ ਭਾਂਵਦਾ ਚੀਨੀਆਂ ਨੂੰ,
ਤੇ ਈਰਾਨੀਆਂ ਨੂੰ ਹੈ ਈਰਾਨ ਚੰਗਾ।
ਜੇਕਰ ਪੁੱਛੀਏ ਕਦੀ ਜਾਪਾਨੀਆਂ ਨੂੰ,
ਇਹੋ ਕਹਿਣਗੇ: 'ਸਾਡਾ ਜਾਪਾਨ ਚੰਗਾ'।
ਤਿਵੇਂ ਸਾਨੂੰ ਵੀ ਸਮਝਣਾ ਚਾਹੀਦਾ ਏ,
ਦੇਸਾਂ ਸਾਰਿਆਂ 'ਚੋਂ ਹਿੰਦੁਸਤਾਨ ਚੰਗਾ।

ਜੰਮੇ, ਪਲੇ, ਖੇਡੇ, ਇਸ ਦੀ ਗੋਦ ਅੰਦਰ,
ਸਾਡਾ ਫ਼ਰਜ਼ ਹੈ ਇਸ ਤੇ ਮਾਣ ਕਰੀਏ।
ਹੋਈਏ ਚੌਖੰਨੇ ਵਤਨ ਦੇ ਨਾਮ ਉਤੋਂ,
ਇਸ ਦੀ ਚੌਗੁਣੀ ਜਗ ਤੇ ਸ਼ਾਨ ਕਰੀਏ।

ਸਾਡਾ ਫ਼ਰਜ਼ ਹੈ ਆਪਣਾ ਸਮਝ ਕੇ ਤੇ,
ਅਪਣੇ ਦੇਸ਼ ਦੇ ਨਾਲ ਪਿਆਰ ਕਰੀਏ।
ਭਲਾ ਦੇਸ਼ ਦਾ ਰੱਖ ਕੇ ਮੁਖ ਅਗੇ,
ਦੇਸ਼ ਸੇਵਾ ਦਾ ਸਾਰੇ ਪਰਚਾਰ ਕਰੀਏ।
ਬਾਹਰ ਕੱਢ ਬੁਰਾਈਆਂ ਸਾਰੀਆਂ ਨੂੰ,
ਰੀਤਾਂ ਭੈੜੀਆਂ ਸੰਦਾ ਸੁਧਾਰ ਕਰੀਏ।

ਪਿੱਛੇ ਰਹੇ ਨਾ ਕਿਸੇ ਵੀ ਗਲ ਵਿਚੋਂ,
ਸਦਾ ਇਹੋ ਵਿਚਾਰ ਵੀਚਾਰ ਕਰੀਏ ।

ਆਓ ਗਭਰੂ ਛੈਲ ਛਬੀਲ ਵੀਰੋ,
ਸੇਵਾ ਦੇਸ਼ ਦੀ ਮਿਲ ਕੇ ਕਮਾ ਲਈਏ।
ਕੁਝ ਤਾਂ ਆਪਣਾ ਫ਼ਰਜ਼ ਅਦਾ ਕਰੀਏ,
ਕਰਜ਼ਾ ਦੇਸ਼ ਦਾ ਸਿਰੋਂ ਚੁਕਾ ਲਈਏ ।

ਦਿਲ ਚਾਹੁੰਦਾ ਏ, ਜੇਕਰ ਧਨੀ ਹੋਵਾਂ,
ਖ਼ਾਤਰ ਦੇਸ਼ ਦੀ ਧਨ ਲੁਟਾ ਦੇਵਾਂ ।
ਜੇ ਬਲਵਾਨ ਹੋਵਾਂ, ਹਿੰਦੁਸਤਾਨ ਖ਼ਾਤਰ,
ਲੋੜ ਪਵੇ ਤਾਂ ਜਾਨ ਘੁਮਾ ਦੇਵਾਂ।
ਬਣ ਕੇ ਮਾਸਟਰ ਦੇਸ਼ ਦੇ ਬੱਚਿਆਂ ਨੂੰ,
ਕਰਨਾ ਦੇਸ਼ ਦਾ ਪਿਆਰ ਸਿਖਾ ਦੇਵਾਂ।
ਅਪਣੇ ਦੇਸ਼ ਦੀ ਸੁੱਤੀ ਤਕਦੀਰ ਤਾਂਈਂ,
ਝੂਣ ਝੂਣ ਕੇ ਮੈਂ ਜਗਾ ਦੇਵਾਂ।

ਦੇਵੇ ਰੱਬ ਜੇ ਮੈਨੂੰ ਦਿਮਾਗ਼ ਚੰਗਾ,
ਦਿਨੇ ਰਾਤ ਮੈਂ ਸੋਚਾਂ ਭਲਾਈ ਇਸ ਦੀ।
ਲਖਾਂ ਦਫ਼ਤਰਾਂ ਦੇ ਦਫ਼ਤਰ ਲਿਖ ਮਾਰਾਂ,
ਲਿਖ ਸਕਾਂ ਜੇ ਕਦੀ ਵਡਾਈ ਇਸਦੀ।

ਜੇਕਰ ਕਿਧਰੇ ਖ਼ੁਸ਼ੀ ਦੇ ਵਿਚ ਆਵਾਂ,
ਤਾਂ ਭੀ ਗੀਤ ਗਾਵਾਂ ਹਿੰਦੁਸਤਾਨ ਦੇ ਹੀ।

ਜੇ ਕਰ ਵਿਛੜ ਕੇ ਕਿਤੇ ਪਰਦੇਸ ਵੱਸਾਂ,
ਤਾਂ ਭੀ ਸੁਖ ਚਾਹਵਾਂ ਹਿੰਦੁਸਤਾਨ ਦੇ ਹੀ।
ਮੰਗਾਂ ਰੱਬ ਤੋਂ ਜੋੜ ਕੇ ਹਥ ਇਹੋ,
ਮੈਂ ਕੁਰਬਾਨ ਜਾਵਾਂ ਹਿੰਦੁਸਤਾਨ ਦੇ ਹੀ।
ਮਰਾਂ ਵਤਨ ਬਦਲੇ, ਜੀਵਾਂ ਵਤਨ ਬਦਲੇ,
ਲੇਖੇ ਜਾਨ ਲਾਵਾਂ ਹਿੰਦੁਸਤਾਨ ਦੇ ਹੀ।

ਹੋਰ ਦੇਸ ਵਲੈਤਾਂ ਦਾ ਪਿਆਰ ਛਡ ਕੇ,
ਹਿੰਦੁਸਤਾਨ ਹੀ ਦਿਲੋਂ ਪਿਆਰਾ ਸਮਝਾਂ।
ਹੋਵਾਂ ਹਿੰਦ ਦਾ ਮੈਂ ਤੇ ਹਿੰਦ ਮੇਰੀ,
ਹਿੰਦੁਸਤਾਨ ਨੂੰ ਅੱਖਾਂ ਦਾ 'ਤਾਰਾ' ਸਮਝਾਂ।

ਪੇਂਡੂ ਤੇ ਸ਼ਹਿਰੀ ਜੀਵਨ

ਖ਼ਾਲਸਾ ਕਾਲਜ ਦੀ ਪੰਜਾਬੀ ਸੁਸਾਇਟੀ ਦੇ
ਪਹਿਲੇ ਪੰਜਾਬੀ ਦਰਬਾਰ ਵਿਚ ਪੜ੍ਹੀ ਗਈ

ਮੂੰਹ ਵੇਖੀਏ ਸ਼ਹਿਰੀਆਂ ਪੇਂਡੂਆਂ ਦੇ,
ਪਿਆ ਦਿਸਦਾ ਦੋਹਾਂ 'ਚੋਂ ਲਾਲ ਕਿਹੜਾ ।
ਕਿਹੜੇ ਮੂੰਹ ਤੇ ਮੱਖੀਆਂ ਬੈਠੀਆਂ ਨੇ,
ਪਲਿਆ ਦੁੱਧਾਂ ਮਲਾਈਆਂ ਦੇ ਨਾਲ ਕਿਹੜਾ ।
ਕਿਹੜੇ ਚਿਹਰੇ ਤੇ ਝੁਰੜੀਆਂ ਦਿਸਦੀਆਂ ਨੇ,
ਵਿਚੋਂ ਦੋਹਾਂ ਦੇ ਦਿਸੇ ਖ਼ੁਸ਼ਹਾਲ ਕਿਹੜਾ ।
ਦੁਖ ਰੋਗ ਦੇ ਵਿਚ ਬੇਹਾਲ ਕਿਹੜਾ,
ਖਿੜਿਆ ਖ਼ੁਸ਼ੀ ਦੇ ਨਾਲ ਨਿਹਾਲ ਕਿਹੜਾ ।

ਕੋਈ ਵਿਰਲਾ ਹੀ ਦਿਸੇ ਕਮਜ਼ੋਰ ਮੈਨੂੰ,
ਪੇਂਡੂ ਸਾਰੇ ਹੀ ਛੈਲ ਛਬੀਲ ਹੁੰਦੇ ।
ਮੋਏ ਮਾਰੇ ਬੀਮਾਰੀਆਂ ਸਾਰੀਆਂ ਦੇ,
ਸ਼ਹਿਰੀ ਦਸਾਂ 'ਚੋਂ ਨੌਂ ਜਮਤੀਲ ਹੁੰਦੇ ।

ਸ਼ਹਿਰਾਂ ਵਿਚ ਤਾਂ ਦਿਨ ਵੀ ਰਾਤ ਵਰਗੇ,
ਜਿਥੇ ਧੁੱਪ ਹਵਾ ਨਾ ਲਗਦੀ ਏ।
ਪਿੰਡਾਂ ਵਿਚ ਅਮੀਰ ਗਰੀਬ ਦੇ ਲਈ,
ਸੋਹਣੀ ਹਵਾ ਸਵਰਗ ਦੀ ਵੱਗਦੀ ਏ।

ਸ਼ਹਿਰਾਂ ਵਿਚ ਜੇ ਭੁੱਲ ਹਵਾ ਚਲੇ,
ਉਹ ਖਿਲਾਰਦੀ ਗੰਦਗੀ ਜੱਗ ਦੀ ਏ।
ਗੰਦਾ ਬੂ ਦੇ ਨਾਲ ਦਿਮਾਗ਼ ਹੁੰਦਾ,
ਸੁਰਤ ਭੁੱਲ ਜਾਂਦੀ ਰਗ ਰਗ ਦੀ ਏ।

ਕੌਣ ਵਸਦਾ ਖ਼ੁਸ਼ੀ ਦੇ ਨਾਲ ਓਥੇ,
ਜਿਨ੍ਹਾਂ ਸ਼ਹਿਰਾਂ 'ਚ ਇਹੋ ਜੇਹੀ ਗੰਦਗੀ ਏ।
ਸੌਂਹ ਰੱਬ ਦੀ ਸ਼ਹਿਰਾਂ ਦੇ ਜੀਵਣੇ ਨੂੰ,
ਮੇਰੀ ਦੂਰੋਂ ਖਲੋ ਕੇ ਬੰਦਗੀ ਏ।

ਸ਼ਹਿਰਾਂ ਵਿਚ ਤਾਂ ਭੀੜੀਆਂ ਗਲੀਆਂ ਨੇ,
ਪਿੰਡਾਂ ਵਿਚ ਨੇ ਰੋਸ਼ਨ ਮਕਾਨ ਖੁਲ੍ਹੇ।
ਗਿਣ ਗਿਣ ਕੇ ਰੋਟੀਆਂ ਖਾਣ ਸ਼ਹਿਰੀ,
ਵਿਚ ਪਿੰਡਾਂ ਦੇ ਪੀਣ ਤੇ ਖਾਣ ਖੁਲ੍ਹੇ।
ਸ਼ਹਿਰੀਂ ਘਾਹਵਾਂ ਦਾ ਕਢਿਆ ਘਿਓ ਖਾਂਦੇ,
ਪੇਂਡੂ ਦੁੱਧ ਤੇ ਮਖਣ ਉਡਾਣ ਖੁਲ੍ਹੇ।
ਭਾਵੇਂ ਹੈਣ ਸਾਦੇ ਐਪਰ ਰਜੇ ਹੋਏ ਨੇ,
ਖਾਣ ਪੀਣ ਤੇ ਲਾਣ ਹੰਢਾਣ ਖੁਲ੍ਹੇ।

ਔਡੇ ਸੁਖ ਨਾ ਸ਼ਹਿਰੀਆਂ ਬਾਬੂਆਂ ਨੂੰ,
ਜਿਤਨੇ ਪੇਂਡੂਆਂ ਨਾਈਆਂ ਮੁਸੱਲੀਆਂ ਨੂੰ।
ਪੇਂਡੂ ਖੋਤਿਆਂ ਤਾਈਂ ਖਲਾਂਵਦੇ ਜੋ,
ਸ਼ਹਿਰੀ ਸਹਿਕਦੇ ਭੁਜੀਆਂ ਛੱਲੀਆਂ ਨੂੰ।

ਮੰਨਿਆਂ ਵਿਚ ਸ਼ਹਿਰੀਂ ਹਸਪਤਾਲ ਹੁੰਦੇ,
ਪਿੰਡਾਂ ਵਾਲਿਆਂ ਨੂੰ ਐਪਰ ਲੋੜ ਕੋਈ ਨਹੀਂ ।
ਕੰਮ ਕਾਜ ਵਾਲੇ ਪੇਂਡੂ ਕਸਰਤੀ ਨੇ,
ਹੁੰਦੀ ਇਨ੍ਹਾਂ ਨੂੰ ਕਬਜ਼ ਮਰੋੜ ਕੋਈ ਨਹੀਂ ।
ਜੇਕਰ ਭੁਲ ਭੁਲੇਖੇ ਬੀਮਾਰ ਹੋਵਣ,
ਮਘ-ਜਵੈਣ ਦੀ ਇਨ੍ਹਾਂ ਨੂੰ ਥੋੜ ਕੋਈ ਨਹੀਂ ।
ਬੂਟੀ ਕੁਦਰਤੀ ਘੋਟ ਕੇ ਪੀ ਲੈਂਦੇ,
ਪੈਂਦੇ ਖਰਚਣੇ ਲਖ ਕਰੋੜ ਕੋਈ ਨਹੀਂ ।

ਜਿਥੇ ਰੋਗ ਦਾ ਨਾਮ ਨਿਸ਼ਾਨ ਕੋਈ ਨਹੀਂ,
ਦਸੋ ਲੋੜ ਓਥੇ ਹਸਪਤਾਲ ਦੀ ਕੀ ?
ਜਿਥੇ ਵੱਸਦੇ ਸੁਖੀ ਤੇ ਸ਼ਾਂਤ ਸਾਰੇ,
ਉੱਥੇ ਗਲ ਅਮੀਰ ਕੰਗਾਲ ਦੀ ਕੀ ?

ਰੱਜੇ ਹੋਏ ਸਾਦੇ ਪੇਂਡੂ ਹੈਣ ਚੰਗੇ,
ਪੇਟੋਂ ਭੁੱਖੜੇ ਸ਼ਹਿਰੀ ਸ਼ੁਕੀਨ ਕੋਲੋਂ ।
ਅਸਰ ਵਧ ਹੈ ਬ੍ਰਿਕੜਾਂ ਬੂਟੀਆਂ ਦਾ,
ਏਸ ਸ਼ਹਿਰ ਦੀ ਕੌੜੀ ਕੁਕੀਨ ਕੋਲੋਂ ।
ਪਾਣੀ ਪਿੰਡਾਂ ਦੇ ਖੂਹਾਂ ਤੇ ਚਸ਼ਮਿਆਂ ਦਾ,
ਚੰਗਾ ਲਖਾਂ ਦਵਾਵਾਂ ਦੇ ਪੀਣ ਕੋਲੋਂ ।
ਮਰਨਾ ਪਿੰਡਾਂ ਦਾ ਚੰਗਾ ਹੈ 'ਤਾਰਿਆ' ਵੇ,
ਦੁਖਦਾਈ ਇਸ ਸ਼ਹਿਰ ਦੇ ਜੀਣ ਕੋਲੋਂ ।

ਲੋੜੇ ਜੀਉਣ ਦਾ ਜੇਕਰ ਸੁਆਦ ਕੋਈ,
ਸ਼ਹਿਰਾਂ ਵਿਚ ਤਾਂ ਨਜ਼ਰ ਉਹ ਆਂਵਦਾ ਨਹੀਂ ।

ਡਰਦਾ ਸ਼ਹਿਰ ਦੇ ਉਚਿਆਂ ਕੋਠਿਆਂ ਤੋਂ,
ਸੂਰਜ ਦੇਵਤਾ ਵੀ ਕਦਮ ਪਾਂਵਦਾ ਨਹੀਂ ।

ਨਵੀਂ ਭੈੜੀ ਤਹਿਜ਼ੀਬ ਦੇ ਸ਼ਹਿਰੀਆਂ ਤੋਂ,
ਨਿਰਛੱਲ ਪੇਂਡੂ ਬੇ ਤਹਿਜ਼ੀਬ ਚੰਗੇ।
ਇਨ੍ਹਾਂ ਫ਼ੈਸ਼ਨੀ ਸ਼ਹਿਰੀ ਅਮੀਰੀਆਂ ਤੋਂ,
ਦੁਧ ਪੀਵਣੇ ਪੇਂਡੂ ਗ਼ਰੀਬ ਚੰਗੇ।
ਮਤਲਬ ਕਢ ਕੇ ਯਾਰੀਆਂ ਤੋੜ ਜਾਵਣ,
ਸ਼ਹਿਰੀ ਯਾਰਾਂ ਤੋਂ ਪੇਂਡੂ ਰਕੀਬ ਚੰਗੇ।
ਜਿਨੂੰ ਪਿੰਡਾਂ ਦਾ ਵਸਣਾ ਰਬ ਦਿਤਾ,
ਮੈਂ ਤਾਂ ਆਖਸਾਂ ਉਹਦੇ ਨਸੀਬ ਚੰਗੇ।

ਬਣੇ ਚਾਟੜੇ ਸ਼ਹਿਰੀਏ ਫ਼ੈਸ਼ਨਾਂ ਦੇ,
ਕੈਦੀ ਹੋਏ ਬਦੇਸ਼ੀ ਤਾਲੀਮ ਦੇ ਨੇ।
ਸ਼ੌਕੀ ਨਸ਼ਿਆਂ, ਐਸ਼ਾਂ ਤਮਾਸ਼ਿਆਂ ਦੇ,
ਮਿਤਰ ਭੰਗ ਦੇ ਰਸੀਏ ਹਫ਼ੀਮ ਦੇ ਨੇ।

ਕਰੀਏ ਪਿੰਡਾਂ ਦੇ ਵੱਲ ਖ਼ਿਆਲ ਜੇ ਕਰ,
ਨਜ਼ਰ ਆਂਵਦੀ ਸਾਨੂੰ ਬੁਰਾਈ ਕੋਈ ਨਹੀਂ ।
ਰੁਝੇ ਕੰਮਾਂ 'ਚ ਅਮਨ ਅਮਾਨ ਸਾਰੇ,
ਬਾਜੇ, ਮਸਜਦ ਦਾ ਝਗੜਾ ਲੜਾਈ ਕੋਈ ਨਹੀਂ ।
ਨਾ ਹੀ ਸ਼ੁੱਧੀ, ਤਬਲੀਗ ਦਾ ਪਵੇ ਟੰਟਾ,
ਗਲ ਗਲ ਤੇ ਤੇਗ਼ ਚਲਾਈ ਕੋਈ ਨਹੀਂ ।
ਸ਼ਹਿਰਾਂ ਵਿਚੋਂ ਸ਼ਰਾਰਤਾਂ ਉਠਦੀਆਂ ਨੇ,
ਵਿਚ ਪਿੰਡਾਂ ਦੇ ਬੇ-ਹਯਾਈ ਕੋਈ ਨਹੀਂ ।

ਦੁਰਾ-ਚਾਰ ਇਹ ਸ਼ਹਿਰਾਂ ਦੇ ਲੁਗੜਾਂ ਦਾ,
ਸਾਰੇ ਸ਼ਹਿਰਾਂ ਦੇ ਸੁਖਾਂ ਨੂੰ ਰੱਦ ਜਾਵੇ।
ਭਲੇਮਾਣਸੀ ਪਿੰਡਾਂ ਦੀ ਵੇਖੀਏ ਤਾਂ,
ਟੋਟਲ ਚੰਗੀਆਂ ਗੱਲਾਂ ਦਾ ਵਧ ਜਾਵੇ।

ਚੰਗਾ ਵੇਖਿਆ ਕੀ ਸੀ ਖ਼ਾਲਸੇ ਨੇ,
ਕਾਲਜ ਸ਼ਹਿਰ ਤੋਂ ਬਾਹਰ ਬਣਾ ਦਿਤਾ।
ਕਿਉਂ ਨਾ ਹੋਰਾਂ ਸਕੂਲਾਂ ਦੇ ਵਾਂਗ ਕੋਠਾ,
ਗੰਦੇ ਨਾਲੇ ਦੇ ਕੋਲ ਚੜ੍ਹਾ ਦਿਤਾ ?
ਤਿੰਨ ਮੀਲ ਬਣਾ ਕੇ ਦੂਰ ਸ਼ਹਿਰੋਂ,
ਐਵੇਂ ਟਾਂਗੇ ਦਾ ਖ਼ਰਚ ਵਧਾ ਦਿਤਾ।
ਮੈਂ ਤਾਂ ਆਖਸਾਂ ਕਿਸੇ ਬਣਾਣ ਵਾਲੇ,
ਪੇਂਡੂ ਜੀਵਨ ਦਾ ਨਕਸ਼ਾ ਦਿਖਾ ਦਿਤਾ।

ਵਿਦਵਾਨਾਂ ਦੇ ਜੇ ਕਰ ਸਵਾਲ ਪੁੱਛੋ,
ਵੇਖੋ ਫੋਲ ਕੇ ਕਾਲਜ ਰਜਿਸਟਰਾਂ ਤੋਂ।
ਸਾਦੇ ਪੇਂਡੂਆਂ ਦੀ ਗਿਣਤੀ ਵਧ ਹੋਸੀ,
ਇਨ੍ਹਾਂ ਸ਼ਹਿਰੀਆਂ ਬਾਬੂਆਂ, ਮਿਸਟਰਾਂ ਤੋਂ।

ਭਰੇ ਹੋਸਟਲ ਪਏ ਨੇ ਪੇਂਡੂਆਂ ਦੇ,
ਸਾਰੇ ਕਾਲਜ ਦੇ ਵਿਚ ਬਲਵਾਨ ਪੇਂਡੂ।
ਕੋਈ ਸ਼ਹਿਰੀਆ ਖੇਡਦਾ ਦਿਸਦਾ ਨਹੀਂ,
ਹਰ ਇਕ ਖੇਡ ਦੇ ਬਣੇ ਕਪਤਾਨ ਪੇਂਡੂ।
ਅਜੇ ਕਲ ਦੀ ਗਲ ਹੈ, ਵਿਚ ਖੇਡਾਂ,
ਮੈਡਲ ਜਿਤ ਲੈ ਗਏ ਜਵਾਨ ਪੇਂਡੂ।

ਕੋਈ ਦੌੜ ਵਿਚੋਂ, ਕੋਈ ਛਾਲ ਵਿਚੋਂ,
ਪਏ ਦਸਦੇ ਖੇਡਾਂ ਦੀ ਸ਼ਾਨ ਪੇਂਡੂ।

ਵਿਦਿਆ, ਸਾਂਇੰਸਾਂ ਵਿਚ ਵੀ ਸੱਚ ਜਾਣੋ,
ਪੇਂਡੂ, ਸ਼ਹਿਰੀਆਂ ਨਾਲੋਂ ਨਹੀਂ ਘਟ ਹੁੰਦੇ।
ਵਧ ਸ਼ਹਿਰੀਆਂ ਕੋਲੋਂ ਹੁਸ਼ਿਆਰ ਹੁੰਦੇ,
ਨਿਰੇ ਪੁਰੇ ਨਾ ਇਹ ਭੀ ਜਟ ਹੁੰਦੇ।

ਵੇਖੋ ਪੁਛ ਪ੍ਰੋਫ਼ੈਸਰਾਂ ਸਾਰਿਆਂ ਤੋਂ,
ਨਹੀਂ ਲਾਹੌਰ ਪਸ਼ੌਰ ਦੇ ਪਲੇ ਹੋਏ ਨੇ।
ਕੋਈ 'ਸਯਦ' 'ਘੁੰਗ੍ਰੀਲਾ' 'ਹਰਿਆਲ' ਵਾਸੀ,
ਕੋਈ 'ਢਲੇ ਅਡਿਆਲੇ' ਵਿਚ ਢਲੇ ਹੋਏ ਨੇ।
'ਪਿੰਡੀ ਘੇਬ' ਘੁੜਾਣੀ ਦੇ ਪਿੰਡ ਵਾਸੀ,
ਨਾਲ ਵਿਦਿਆ ਫੁੱਲੇ ਤੇ ਫਲੇ ਹੋਏ ਨੇ।
ਪੇਂਡੂ ਵਿਦਿਆ ਦੀ ਬਣ ਮਿਸਾਲ ਦਸਣ,
ਗੱਲਾਂ ਗੱਲਾਂ 'ਚ ਸ਼ਹਿਰੀਏ ਗਲੇ ਹੋਏ ਨੇ।

ਮੁਕਦੀ ਗੱਲ, ਹਰ ਗੱਲ ਵਿਚ ਵਧ ਪੇਂਡੂ,
ਸ਼ੁੱਧ ਆਚਾਰ ਵਾਲੇ ਬੁੱਧ ਬਲ ਵਾਲੇ।
ਉਧਰ ਫ਼ੈਸ਼ਨਾਂ ਦੇ ਚਾਚੇ 'ਤਾਰਿਆ' ਵੇ,
ਸ਼ਹਿਰੀ ਠੱਗੀ ਫ਼੍ਰੇਬ ਤੇ ਛਲ ਵਾਲੇ।

ਕਿਉਂ ਪਾਣੀ ਪੰਜਾਬ ਦਾ ਪੀਂਵਦੇ ਹੋ?

ਭਾਵੇਂ ਹਿੰਦੂਆਂ ਸਿਖਾਂ ਤੇ ਮੋਮਨਾਂ ਦੇ,
ਕੰਮ ਕਾਜ ਤੇ ਕਾਰ ਰੁਜ਼ਗਾਰ ਵਖਰੇ।
ਪੂਜਾ ਪਾਠ ਤੇ ਪੜ੍ਹਨੀ ਨਿਮਾਜ਼ ਵਖਰੀ,
ਅਤੇ ਪੀਰ, ਪੈਗ਼ੰਬਰ, ਅਵਤਾਰ ਵਖਰੇ।
ਰਹਿਣ, ਬਹਿਣ ਤੇ ਖਾਣ ਹੰਢਾਣ ਵਖਰਾ,
ਮੰਦਰ, ਮਸਜਦਾਂ, ਧਰਮੀਂ ਦਵਾਰ ਵਖਰੇ।
ਇਕ ਦੂਜੇ ਤੋਂ ਪਰ੍ਹੇ ਲਿਜਾਣ ਵਾਲੇ,
ਬਣੇ ਰਸਤੇ ਹਰ ਪਰਕਾਰ ਵਖਰੇ।

ਐਪਰ ਤਿੰਨਾਂ ਦਾ ਮੇਲ ਮਿਲਾਣ ਵਾਲੀ,
ਸਾਂਝੀ ਇਨ੍ਹਾਂ ਦੀ ਮਾਤਰੀ ਬੋਲੀ ਹੀ ਹੈ।
ਆਪਸ ਵਿਚ ਪਿਆਰ ਵਧਾਣ ਵਾਲੀ,
ਮਿਠੀ ਮਿਠੀ ਪੰਜਾਬੀ ਦੀ ਬੋਲੀ ਹੀ ਹੈ।

ਝੁਡੂ ਮਾਸਟਰ ਹੋਵਨ ਸਕੂਲ ਅੰਦਰ,
ਉਰਦੂ ਬੋਲ ਕੇ ਰੋਹਬ ਜਮਾਂਵਦੇ ਨੇ।
ਜੇ ਕਰ ਬਾਬੂ ਪ੍ਰੀਖਿਆ ਲੈਣ ਆਵਣ,
ਡੈਮ ਫੂਲ ਕਹਿ ਉਹ ਭੀ ਬੁਲਾਂਵਦੇ ਨੇ।
ਅਫ਼ਸਰ ਕੋਈ ਜੋ ਪਿੰਡਾਂ 'ਚ ਆਣ ਵੜਦੇ,
ਗਿਟ ਮਿਟ ਅੰਗਰੇਜ਼ੀ ਚਲਾਂਵਦੇ ਨੇ।

ਢਿਲੀ ਬੋਲੀ ਪੰਜਾਬੀ ਨੂੰ ਸਮਝਦੇ ਨੇ,
ਨੇੜੇ ਏਸ ਦੇ ਮੂਲ ਨਾ ਜਾਂਵਦੇ ਨੇ।

ਇਹੋ ਗੱਲ ਕਿ ਆਖਦੇ ਲੋਕ ਸਾਰੇ,
ਕਿਥੋਂ ਜੰਮ ਪਏ ਨੇ ਆਕੜ ਖ਼ਾਨ ਅਫ਼ਸਰ।
ਮਿਠੀ ਮਿਠੀ ਪੰਜਾਬੀ ਜੋ ਬੋਲਦਾ ਏ,
ਆਖਣ 'ਆ ਗਿਆ ਜੇ ਮਿਹਰਬਾਨ ਅਫ਼ਸਰ।'

ਕੋਈ ਕਦਰ ਫੁਲਵਾੜੀ ਦੀ ਸੈਰ ਦੀ ਨਹੀਂ;
ਕੋਈ ਕਦਰ ਨਾ ਫੁਲਾਂ ਗੁਲਾਬੀਆਂ ਦੀ।
ਨਾ ਹੀ ਭੈਣਾਂ ਭਰਾਵਾਂ ਦਾ ਦਰਦ ਕੋਈ,
ਗੱਲ ਕੋਈ ਨਾ ਭਾਂਵਦੀ ਭਾਬੀਆਂ ਦੀ।
ਮਾਤ ਬੋਲੀ ਦੀ ਜਾਣੀ ਨਾ ਕਦਰ ਅਸਾਂ,
ਕੁੰਜੀ ਹੈ ਜੋ ਕੁਲ ਕਾਮਯਾਬੀਆਂ ਦੀ।
ਲੈਣੀ ਸਾਰ ਪੰਜਾਬੀ ਦੀ ਭੁਲ ਗਏ ਨੇ,
ਮਾਰੀ ਗਈ ਏ ਮਤ ਪੰਜਾਬੀਆਂ ਦੀ।

ਐ ਹਿੰਦੂਓ, ਸਿਖੋ ਤੇ ਮੁਸਲਮਾਣੋ,
ਹੋਰ ਸਾਰੀਆਂ ਗੱਲਾਂ ਨੂੰ ਜਾਣ ਦੇਵੋ।
ਸਾਂਝੀ ਤਿੰਨਾਂ ਦਾ ਮੇਲ ਮਿਲਾਣ ਵਾਲੀ,
ਅਪਣੀ ਮਾਤਾ ਪੰਜਾਬੀ ਨੂੰ ਮਾਣ ਦੇਵੋ।

ਕਿਡੇ ਸ਼ਰਮ ਦੀ ਗੱਲ ਪੰਜਾਬੀਓ ਵੇ,
ਛੱਡ ਹੀਰਿਆਂ ਨੂੰ ਕੱਚ ਤੋਲ ਰਹੇ ਹੋ।

ਸੋਹਣੀ ਧਰਤ ਪੰਜਾਬ ਦੇ ਹੋ ਵਾਸੀ,
ਕਿਸੇ ਹੋਰ ਹੀ ਬੋਲੀ ਨੂੰ ਬੋਲ ਰਹੇ ਹੋ।
ਜੇਹੜੀ ਮਾਂ ਦੀ ਗੋਦ 'ਚ ਖੇਡਦੇ ਰਹੇ,
ਅੱਜ ਓਸ ਨੂੰ ਕਰ ਮਖ਼ੌਲ ਰਹੇ ਹੋ।
ਬਾਹਰੋਂ ਆਈ ਪਰਾਈ ਨੂੰ ਮਾਣ ਦੇ ਕੇ,
ਅਪਣੀ ਮਾਤਾ ਨੂੰ ਮਿਟੀ 'ਚ ਰੋਲ ਰਹੇ ਹੋ।

ਗ਼ੈਰਤ ਵਾਲਿਓ ਡੁਬ ਕੇ ਮਰ ਜਾਓ,
ਕਿਉਂ ਜੀਵਨ ਬੇਸ਼ਰਮਾਂ ਦਾ ਜੀਵੰਦੇ ਹੋ ?
ਜੇ ਨਹੀਂ ਮਾਤਾ ਪੰਜਾਬੀ ਦੀ ਸਾਰ ਲੈਂਦ,
ਕਿਉਂ ਪਾਣੀ ਪੰਜਾਬ ਦਾ ਪੀਵੰਦੇ ਹੋ ?

ਬੋਲੀ ਕਿਸੇ ਦੀ ਜੱਗ ਤੇ ਰਾਜ ਕਰਦੀ,
ਮੌਜ ਤਖ਼ਤ ਤੇ ਤਾਜ ਦੀ ਮਾਣਦੀ ਏ।
ਸਾਰੇ ਦਫ਼ਤਰਾਂ ਅਤੇ ਕਚਹਿਰੀਆਂ ਵਿਚ,
ਕਰਨੇ ਹੁਕਮ ਹਕੂਮਤਾਂ ਜਾਣਦੀ ਏ।
ਵਿਚ ਕਾਲਜਾਂ ਪੂਜਾ ਕਰਾਏ ਕੋਈ,
ਕੋਈ ਬਣੀ ਸਰਦਾਰ ਇਮਤਿਹਾਨ ਦੀ ਏ।
ਸਾਡੀ ਮਾਤਾ ਪੰਜਾਬੀ ਹੈ ਅਜੇ ਤੀਕਣ,
ਜਿਹੜੀ ਗਲੀਆਂ ਦੀ ਖ਼ਾਕ ਛਾਣਦੀ ਏ।

ਕੋਈ ਏਸ ਦਾ ਆਦਰ ਨਾ ਕਰਨ ਵਾਲਾ,
ਇਹਦੀ ਥਾਂ ਥਾਂ ਹੁੰਦੀ ਨਿਰਾਦਰੀ ਏ।
ਹਾਏ ! ਕਿਸੇ ਦੇ ਮੂੰਹ 'ਚੋਂ ਨਿਕਲਿਆ ਨਾ,
ਮੇਰੀ ਮਿਠੜੀ ਬੋਲੀ ਇਹ ਮਾਦਰੀ ਏ।

ਨਾ ਇਹ ਕਾਲਜਾਂ ਵਿਚ ਪੜ੍ਹਾਈ ਜਾਵੇ,
ਨਾ ਇਹ ਵਿਚ ਕਚਹਿਰੀਆਂ ਬਹਿਣ ਜੋਗੀ।
ਗੱਲਾਂ ਹੋਰ ਤਾਂ ਰਹੀਆਂ ਨੇ ਇਕ ਪਾਸੇ,
ਰਹੀ ਇਹ ਨਾ ਘਰਾਂ 'ਚ ਰਹਿਣ ਜੋਗੀ।
ਨਾ ਕੋਈ ਏਸ ਦਾ ਦਰਦ ਵੰਡਾਣ ਵਾਲਾ,
ਨਾ ਇਹ ਕਿਸੇ ਨੂੰ ਆਪ ਹੈ ਕਹਿਣ ਜੋਗੀ।
ਵਾਂਗ ਗੋਲੀਆਂ ਹੋਰਨਾਂ ਬੋਲੀਆਂ ਦੇ,
ਰਹੀ ਮਿਹਣੇ ਤੇ ਬੋਲੀਆਂ ਸਹਿਣ ਜੋਗੀ।

ਐ ਮਾਤਾ ਪੰਜਾਬੀ ਦੇ ਪਿਆਰਿਓ ਵੇ,
ਜਾਗੋ ਆਪ ਤੇ ਹੋਰਾਂ ਜਗਾ ਦੇਵੋ।
ਅਪਣੀ ਮਾਤਾ ਪੰਜਾਬੀ ਨੂੰ ਮਾਣ ਦੇ ਕੇ,
ਇਹਦੀ ਗੁੱਡੀ ਅਕਾਸ਼ ਚੜ੍ਹਾ ਦੇਵੋ।

ਖੜ ਖੜ ਛੱਡੋ ਹੁਣ

ਕਿਸੇ ਤਾਂਈਂ ਖ਼ਤ ਅਤੇ ਕਿਸੇ ਨੂੰ ਲਫ਼ਾਫ਼ਾ ਆਇਆ,
ਖੜ ਖੜ ਕਰਦੀ ਇਕ 'ਤਾਰੋ' ਨੂੰ ਵੀ ਤਾਰ ਆਈ।
ਥਰ ਥਰ ਦਿਲ ਕੰਬੇ, ਖ਼ੈਰ ਹੋਵੇ ਸਈ, ਰੱਬਾ,
ਕਿਨ੍ਹੂੰ ਕਿਨ੍ਹੂੰ ਡੋਬ ਖ਼ਬਰੇ ਕਿਨ੍ਹੂੰ ਕਿਨ੍ਹੂੰ ਤਾਰ ਆਈ।
ਖਵਰੇ ਕਿਸੇ ਲਾਟਰੀ ਦਾ ਲਿਖਿਆ ਨਤੀਜਾ ਹੋਸੀ,
ਜਿਤ ਕੇ ਲਿਆਈ ਕੁਝ ਯਾ ਇਹ ਕੁਝ ਹਾਰ ਆਈ।
ਬੰਬੇ ਮੇਲ ਉਤੇ ਖਵਰੇ ਆਉਣਾ ਪਿਆਰੇ ਕਿਸੇ,
ਯਾ ਇਹ ਕਿਸੇ ਸੱਜਣ ਨੂੰ ਕਰ ਕੇ ਬੀਮਾਰ ਆਈ।

ਡਕੋ-ਡੋਲੇ ਖਾਵੇ ਦਿਲ, ਹਾਏ ਖਬਰੇ ਲਿਖਿਆ ਕੀ,
ਕੀ ਕੁਝ ਤਾਰ ਅੱਜ ਕਰ ਕੇ ਹੈ ਕਾਰ ਆਈ।
ਪੱਟ ਕੇ ਜਾਂ ਪੜ੍ਹੀ ਲਿਖੀ ਹੋਈ ਸੀ ਵਧਾਈ ਵਿਚ,
ਸਾਰਿਆਂ ਨੂੰ ਕਹਿ ਦਿਓ ਬਸੰਤ ਦੀ ਬਹਾਰ ਆਈ।
ਸੂਹੇ ਸੂਹੇ, ਸਾਵੇ ਸਾਵੇ, ਨੀਲੇ ਨੀਲੇ, ਪੀਲੇ ਪੀਲੇ,
ਰੰਗ ਰੰਗੇ ਸੂਟ ਪਾ ਕੇ ਵਿਚ ਸੰਸਾਰ ਆਈ।
ਚਿੱਟੀ ਚਿੱਟੀ ਧੁੱਪ ਨੂੰ ਸੀ ਆਪਣੇ ਲਿਆਈ ਨਾਲ,
ਖ਼ਬਰੇ ਕਿਹੜੀ ਗੁਠ ਵਿਚ ਪਾਲੇ ਨੂੰ ਖਲ੍ਹਾਰ ਆਈ।

ਬਾਗਾਂ, ਫੁਲਵਾੜੀਆਂ, ਤੇ ਖੇਤੀਆਂ ਤੇ ਵਾੜੀਆਂ 'ਚੋਂ,
ਜਿਥੋਂ ਜਿਥੋਂ ਲੰਘੀ ਓਥੇ ਵਾਸ਼ਨਾ ਖਿਲਾਰ ਆਈ।
ਬਿਰਛਾਂ ਤੇ ਬੂਟਿਆਂ ਦੀ ਟਹਿਣੀਆਂ ਤੇ ਟੀਸੀਆਂ ਨੂੰ,

ਨਵੀਆਂ ਪਰੂੰਬਲਾਂ ਦੇ ਨਾਲ ਇਹ ਸ਼ਿੰਗਾਰ ਆਈ।
ਕੱਟ ਕੱਟ ਗਲਾਂ 'ਚੋਂ ਗ਼ੁਲਾਮੀ ਵਾਲੇ ਬੰਧਨਾਂ ਨੂੰ,
ਪੰਛੀਆਂ ਨੂੰ ਪਾਣ ਇਹ ਆਜ਼ਾਦੀ ਵਾਲੇ ਹਾਰ ਆਈ।
ਖੁਲ੍ਹ ਦਿਆਂ ਭੌਰਿਆਂ ਨੂੰ ਦੇ ਦਿਓ ਸੁਨੇਹਾ ਕੋਈ,
ਫਟਾ ਫਟ ਕਰਦੀ ਬਸੰਤ ਦੀ ਬਹਾਰ ਆਈ।

ਝੜਾਂ ਵਿਚ ਲੁਕ ਕੇ ਹੈ ਵੜ ਗਈ ਪੱਤ-ਝੜ,
ਸੁਣਿਆਂ ਬਸੰਤ ਜਦੋਂ ਸਣੇ ਪਰਵਾਰ ਆਈ।
ਖ਼ਿਜ਼ਾਂ ਦਾ ਜ਼ਮਾਨਾ ਗਿਆ ਨਠਾ ਹੋਇਆ ਘਰਾਂ ਵੱਲ,
ਬਾਗਾਂ ਵਿਚ ਜਦੋਂ ਫੂਲ ਰਾਣੀ ਸਰਕਾਰ ਆਈ।
ਕੱਢ ਦਿਓ ਪਿੰਜਰੇ 'ਚੋਂ ਬੁਲਬਲਾਂ ਬੇਦੋਸੀਆਂ ਨੂੰ,
ਇਹੋ ਗੱਲ ਆਖ ਕੇ ਸੱਯਾਦ ਨੂੰ ਵੰਗਾਰ ਆਈ।
ਮੁਰਦਿਆਂ ਦਿਲਾਂ ਵਿਚ ਨਵੀਂ ਜਾਨ ਪਾਣ ਆਈ।
ਜ਼ਿੰਦਾ ਦਿਲਾਂ ਵਾਲਿਆਂ ਦੇ ਕਰਨ ਦੀਦਾਰ ਆਈ।

ਪਿਪਲਾਂ ਦੇ ਪਤਰਾਂ ਪੁਰਾਣਿਆਂ ਨੂੰ ਆਖ ਛੱਡੋ,
ਖੜ ਅੜ ਛਡੋ ਹੁਣ ਨਵਿਆਂ ਦੀ ਵਾਰ ਆਈ।
ਨਵਿਆਂ ਜਵਾਨਾਂ ਹੁਣ ਨਵੇਂ ਨਵੇਂ ਕੰਮ ਸਾਂਭੇ,
ਨਵੇਂ ਰੰਗਾਂ ਨਾਲ ਜੇ ਬਸੰਤ ਦੀ ਬਹਾਰ ਆਈ।

ਵਿਦੇਸ਼ੀ ਵਿਦਿਆ

ਊੜਾ ਉਰਦੂ ਤੇ ਐੜਾ ਅੰਗਰੇਜ਼ੀ,
ਈੜੀ ਇੰਗਲੈਂਡੋਂ ਹਿੰਦੁਸਤਾਨ ਦੇ ਵਿਚ।
ਸਸਾ ਸਾਇੰਸਾਂ ਨੇ ਆ ਕੇ ਜ਼ੋਰ ਕੀਤਾ,
ਹਾਹਾ ਹਿਸਟਰੀ ਹੋਰ ਜ਼ਬਾਨ ਦੇ ਵਿਚ।
ਕਕਾ ਕਾਇਦੇ ਹੋਰ ਦੇ ਹੋਰ ਹੋਏ,
ਖਖਾ ਖੱਪ ਮੋਏ ਘੋਟੇ ਲਾਣ ਦੇ ਵਿਚ।
ਗਗਾ ਗਾਲੀਆਂ ਕੱਢਣ ਉਸਤਾਦ ਸਾਨੂੰ,
ਸਬਕ ਚੜ੍ਹੇ ਨਾ ਜੇਕਰ ਧਿਆਨ ਦੇ ਵਿਚ।
ਘਘਾ ਘਰਾਂ ਵਿਚੋਂ ਮਾਰਾਂ ਖਾਂਵਦੇ ਹਾਂ,
ਜੇ ਨਾ ਪਾਸ ਹੋਈਏ ਇਮਤਿਹਾਨ ਦੇ ਵਿਚ।
ਙੰਙਾ ਙੁਣ ਙੁਣਾਂਦੇ ਅਠੇ ਪਹਿਰ ਰਹੀਏ,
ਲਾਲੇ ਪਏ ਰਹਿੰਦੇ ਸਾਡੀ ਜਾਨ ਦੇ ਵਿਚ।
ਚਚਾ ਚਾਰ ਬਜੇ ਛਛਾ ਛੁੱਟੀ ਹੋਵੇ,
ਜਜਾ ਜਾਵੀਏ ਅਪਣੇ ਮਕਾਨ ਦੇ ਵਿਚ।
ਝਝਾ ਝਾੜ ਪੈਂਦੀ ਅਗੋਂ ਘਰਾਂ ਵਿਚੋਂ,
'ਕਰਦੇ ਰਹੇ ਕੀ ਦੇਰ ਲਗਾਣ ਦੇ ਵਿਚ।'
ਞਞਾ ਞਈਂ ਞਈਂ ਅਗੋਂ ਅਸੀਂ ਕਰੀਏ,
ਅਕਲ ਹਾਰੇ ਬਹਾਨਾ ਬਣਾਣ ਦੇ ਵਿਚ।
ਟੈਂਕਾ ਟ੍ਰੇਨਸ ਦਾ ਪਾਸ ਇਮਤਿਹਾਨ ਕਰ ਕੇ,
ਠੱਠਾ ਠੁਡੜੇ ਖਾਈਏ ਜਹਾਨ ਦੇ ਵਿਚ।
ਡਡਾ ਡੰਡੇ ਵਜਾਉਣ ਦੇ ਯੋਗ ਕਰਦੇ,

ਮਾਪੇ ਪੁਤਰ ਇੰਗਲਿਸ਼ ਪੜ੍ਹਾਣ ਦੇ ਵਿਚ।
ਢਡਾ ਢੇਰ ਰੁਪਿਆਂ ਦੇ ਖ਼ਰਚ ਕਰਦੇ,
ਣਾਣਾ ਣੰਗ ਬਣੰਗ ਸਿਖਾਣ ਦੇ ਵਿਚ।
ਤਤਾ ਤੇਰਾਂ ਜਮਾਤਾਂ ਦੇ ਪਾਸ ਜੇਹੜੇ,
ਮੌਜਾਂ ਕਰਦੇ ਸੀ ਖਾਣ ਹੰਢਾਣ ਦੇ ਵਿਚ।
ਥਥਾ ਥੁੜੇ ਵੇਖੋ ਅਜ ਟੁਕਰੋਂ ਵੀ,
ਟਕਰਾਂ ਮਾਰਦੇ ਚੀਨ ਜਪਾਨ ਦੇ ਵਿਚ।
ਦਦਾ ਦਸੋ ਖਾਂ ਦੇਸ ਦੇ ਦਰਦੀਓ ਵੇ,
ਬੈਠੇ ਤੁਸੀਂ ਕਿਉਂ ਅਮਨ ਅਮਾਨ ਦੇ ਵਿਚ।
ਧਧਾ ਧਕੇ ਗ਼ੁਲਾਮੀ ਦੇ ਸਹਿਣ ਜੋਗਾ,
ਦੇਸ਼ ਡਿਠਾ ਜੇ ਕੋਈ ਜਹਾਨ ਦੇ ਵਿਚ।
ਨਨਾ ਨਿਰਾ ਨਿਕੰਮਿਆਂ ਕਰਨ ਮਾਪੇ,
ਪਪਾ ਪੁਤਰਾਂ ਪੜ੍ਹਨ ਪੜ੍ਹਾਣ ਦੇ ਵਿਚ।
ਫਫਾ ਫਾਰਸੀ ਪੜ੍ਹਨ ਤੇ ਤੇਲ ਵੇਚਣ,
ਬਬਾ ਬਣੇ ਅਖਾਣ ਜਹਾਨ ਦੇ ਵਿਚ।
ਭਬਾ ਭੁਖਿਆਂ ਮਰਨ ਦਾ ਲਿਆ ਠੇਕਾ,
ਪੜ੍ਹੇ ਜਿਹੜੇ ਅੰਗਰੇਜ਼ੀ ਨੇ ਸ਼ਾਨ ਦੇ ਵਿਚ।
ਮਮਾ ਮਗ਼ਜ਼ ਖ਼ਰਾਬ ਕਮਜ਼ੋਰ ਅਖਾਂ,
ਡਾਢੇ ਖ਼ੁਸ਼ ਨੇ ਐਨਕਾਂ ਲਾਣ ਦੇ ਵਿਚ।
ਯਯਾ ਯਾਰਾਂ ਰੁਪਿਆਂ ਦੇ ਹੋਣ ਕੁੱਲੀ,
ਰਾਰਾ ਰੇਲਾਂ ਤੇ ਪਾਣੀ ਪਿਲਾਣ ਦੇ ਵਿਚ।
ਲਲਾ ਲੋੜ ਜੇ ਪੜ੍ਹੇ ਦੀ ਇਕ ਨਿਕਲੇ,
ਨਿਕੋ ਬਾਰ, ਭਾਵੇਂ ਅੰਡੇਮਾਨ ਦੇ ਵਿਚ।
ਵਵਾ ਵੀਹ ਹਜ਼ਾਰ ਹੋ ਜਾਣ ਕਠੇ,
ਕਾਲੇ ਪਾਣੀ ਦੀ ਕੈਦ ਨੂੰ ਜਾਣ ਦੇ ਵਿਚ।

ਇਹੋ ਖਟੀ ਬਦੇਸ਼ ਦੀ ਵਿਦਿਆ ਦੀ,
ਭੁਖ ਨੰਗ ਨ ਆਵੇ ਬਿਆਨ ਦੇ ਵਿਚ ।
ਝਾੜਾ ਝਲ ਬੜੱਲ ਇਹ ਠੋਕ ਦਿਤਾ,
ਲਿਖਿਆ ਠੀਕ ਜੋ ਆਇਆ ਗਿਆਨ ਦੇ ਵਿਚ ।
ਔਗੁਣ ਵਿਦਿਆ ਬਦੇਸੀ ਦੇ ਬਹੁਤ ਸਾਰੇ,
ਜਿਕੂੰ 'ਤਾਰੇ' ਅਣਗਿਣਤ ਅਸਮਾਨ ਦੇ ਵਿਚ ।

ਕਾਲਜੀਏਟਾਂ ਦਾ ਲਹੂ

ਕੁਝ ਗਰਮੀ ਨੇ ਲਹੂ ਸੁਕਾ ਦਿਤਾ,
ਕੁਝ ਲੱਸੀ ਦੇ ਵਧਿਆਂ ਖ਼ਰਚਿਆਂ ਨੇ।
ਕੁਝ ਫ਼ੀਸਾਂ ਤੇ ਕੁਝ ਜੁਰਮਾਨਿਆਂ ਨੇ,
ਕੁਝ ਔਖੀ ਪੜ੍ਹਾਈ ਦੇ ਚਰਚਿਆਂ ਨੇ।
ਫ਼ੇਲ੍ਹ ਹੋਣ ਦੇ ਕੁਝ ਡਰਾਵਿਆਂ ਨੇ,
ਕੁਝ ਕਿਸਮਤ ਦੇ ਪੁੱਠਿਆਂ ਕੜਛਿਆਂ ਨੇ।
ਰਹਿੰਦਾ 'ਤਾਰਿਆ' ਲਹੂ ਸੁੱਕਾ ਦਿਤਾ,
ਇਮਤਿਹਾਨਾਂ ਦੇ ਔਖਿਆਂ ਪਰਚਿਆਂ ਨੇ।

ਸਮੇਂ ਰਹੇ ਨਹੀਂ ਮੌਜ ਬਹਾਰ ਵਾਲੇ

ਵਿਧਵਾ–

ਮੇਰੇ ਸਿਰ ਦੇ ਤਾਜ ਸਿਰਤਾਜ ਉਠ ਗਏ,
ਦਿਨ ਚਲੇ ਗਏ ਹਾਰ ਸ਼ੰਗਾਰ ਵਾਲੇ।
ਮੇਰੇ ਸਿਰ ਤੇ ਟੁੱਟ ਕੇ ਪੈ ਗਏ ਨੇ,
ਭਾਰੇ ਪਰਬਤੋਂ ਦੁਖ ਪਰਵਾਰ ਵਾਲੇ।
ਮੈਨੂੰ ਮਿਹਣਿਆਂ ਅਤੇ ਮਰੋੜਿਆਂ ਨਾਲ,
ਮਾਰ ਰਹੇ ਨੇ ਲੋਕ ਸੰਸਾਰ ਵਾਲੇ।
ਨੀ ਮੈਂ ਦੁਖਾਂ ਦੇ ਖੂਹ ਵਿਚ ਪਈ ਹੋਈ ਹਾਂ,
ਸਮੇਂ ਰਹੇ ਨਹੀਂ ਮੌਜ ਬਹਾਰ ਵਾਲੇ।

ਬੇਰੁਜ਼ਗਾਰੀ–

ਅੱਧ ਸੇਰ ਰੁਪਏ ਦਾ ਘਿਉ ਵਿਕੇ,
ਮਹਿੰਗੇ ਹੋ ਗਏ ਰੇਟ ਬਾਜ਼ਾਰ ਵਾਲੇ।
ਪੜ੍ਹੇ ਹੋਇਆਂ ਨੂੰ ਨੌਕਰੀ ਮਿਲਦੀ ਨਹੀਂ,
ਬੂਹੇ ਬੰਦ ਹੋ ਗਏ ਰੁਜ਼ਗਾਰ ਵਾਲੇ।
ਹਲਾਂ ਵਾਲਿਆਂ ਦਾ ਬੁਰਾ ਹਾਲ ਹੋਇਆ,
ਰੋਂਦੇ ਹੱਟੀਆਂ ਅਤੇ ਬਿਉਪਾਰ ਵਾਲੇ।
ਰੁਤ ਭੁਖਿਆਂ ਮਰਨ ਦੀ ਆ ਗਈ ਏ,
ਸਮੇਂ ਰਹੇ ਨਹੀਂ ਮੌਜ ਬਹਾਰ ਵਾਲੇ।

ਛੇੜ ਛਾੜ—

ਹੋ ਖਾਂ ਸਾਹਮਣੇ ਲਵਾਂ ਮੈਂ ਖ਼ਬਰ ਤੇਰੀ,
ਝੂਠੇ ਕੌਲ ਤੇ ਝੂਠੇ ਇਕਰਾਰ ਵਾਲੇ।
ਰਿਹਾ ਕੁਝ ਨਾ ਅਜ ਇਤਬਾਰ ਤੇਰਾ,
ਕੀਤੇ ਕੰਮ ਨਹੀਂ ਤੂੰ ਇਤਬਾਰ ਵਾਲੇ।
ਭੁਲ ਗਿਆ ਹੈਂ ਕੌਲ ਇਕਰਾਰ ਕਰ ਕੇ,
ਸ਼ੁੱਕਰ ਵਾਰ ਵਾਲੇ, ਸਨਿੱਚਰ ਵਾਰ ਵਾਲੇ।
ਜਾ ਹਟ ਹੁਣ ਬੋਲ ਨਾ ਨਾਲ ਸਾਡੇ,
ਸਮੇਂ ਰਹੇ ਨਹੀਂ ਪ੍ਰੇਮ ਪਿਆਰ ਵਾਲੇ।

ਅਖ਼ਬਾਰਾਂ ਦਾ ਸ਼ੌਕੀਨ—

ਉਰ੍ਹਾਂ ਆਵੀਂ ਓ ਮੈਨੂੰ ਭੀ ਦਸ ਜਾਵੀਂ,
ਕੀ ਲਿਖਦੇ ਅਜ ਅਖ਼ਬਾਰ ਵਾਲੇ।
ਕੀ ਹਾਲ ਹੈ ਅਜ ਕਲ ਕਾਂਗਰਸ ਦਾ,
ਕੀ ਆਖਦੇ ਲੋਕ ਸਰਕਾਰ ਵਾਲੇ।
ਸਾਡਾ ਕਦੋਂ ਕੁ ਹਿੰਦ ਆਜ਼ਾਦ ਹੋਸੀ,
ਹਿੰਦੀ ਹੋਣਗੇ ਕਦ ਅਖ਼ਤਿਆਰ ਵਾਲੇ।
ਅਜੇ ਹਿੰਦ ਨੂੰ ਦਿਸਦੀ ਦੂਰ ਦਿੱਲੀ,
ਦਿਨ ਰਹੇ ਨਹੀਂ ਮੌਜ ਬਹਾਰ ਵਾਲੇ।

ਲੜਨ ਲੜਾਣ ਦੇ ਦਿਨ—

ਕਦੀ ਰੂਸ ਤੇ ਚੀਨ ਦੇ ਪੈਣ ਝਗੜੇ,
ਕਦੀ ਠਹਿਕਦੇ ਤਿੱਬਤ ਤਾਤਾਰ ਵਾਲੇ।

ਕਿਧਰੇ ਕਾਬਲ 'ਚ ਖੜਬੜੀ ਮਚੀ ਹੋਈ ਏ,
ਛਿੜਦੇ ਮਾਮਲੇ ਕਦੀ ਕੰਧਾਰ ਵਾਲੇ।
ਸੋਟੇ ਚਲਦੇ ਕਿਤੇ ਗਵਾਰ ਵਾਲੇ,
ਕਿਤੇ ਵਾਰ ਹੋ ਰਹੇ ਤਲਵਾਰ ਵਾਲੇ।
ਦਿਨ ਲੜਨ ਲੜਾਣ ਦੇ ਆ ਗਏ ਨੇ,
ਸਮੇਂ ਲੰਘ ਗਏ ਮੌਜ ਬਹਾਰ ਵਾਲੇ।

ਭਾਰਤ ਮਾਤਾ–

'ਅਰਜਨ' ਜਿਹੇ ਓਹ ਤੀਰ ਅੰਦਾਜ਼ ਨਾ ਰਹੇ,
'ਭੀਮ' ਜਿਹੇ ਨਾ ਰਹੇ ਬਲਕਾਰ ਵਾਲ਼ੇ।
'ਰਾਮ' ਜਿਹੇ ਨਾ ਆਗਿਆਕਾਰ ਪੁਤਰ,
'ਦਸਰਥ' ਜਿਹੇ ਨਾ ਪਿਤਾ ਇਕਰਾਰ ਵਾਲੇ।
'ਸੀਤਾ' ਜਿਹੀ ਨਾ ਇਸਤਰੀ ਸਤ ਵਾਲੀ,
'ਲਛਮਨ' ਜਿਹੇ ਨਾ ਵੀਰ ਪਿਆਰ ਵਾਲੇ।
ਰਾਜੇ ਰਹੇ ਨਾ 'ਬਿਕਰਮਾ ਜੀਤ' ਵਰਗੇ,
'ਹਰੀ ਚੰਦ' ਵਰਗੇ ਪਰਉਪਕਾਰ ਵਾਲੇ।
ਰਾਜਾ 'ਕਰਨ' ਤੇ ਰਾਜਾ 'ਅਸ਼ੋਕ' ਵਰਗੇ,
ਰਾਜ ਰਹੇ ਨਹੀਂ ਪਰਜਾ ਪਿਆਰ ਵਾਲੇ।
ਰਹੇ ਨਹੀਂ ਉਸਤਾਦ 'ਵਸ਼ਿਸ਼ਟ' ਵਰਗੇ,
ਨਾ ਵਿਦਿਆਰਥੀ ਰਹੇ ਸਤਿਕਾਰ ਵਾਲੇ।
ਰਹੇ ਬਲ, ਨਾ ਬੁਧ, ਨਾ ਧਰਮ ਵਾਲੇ,
ਬੰਦੇ ਰਹੇ ਨਹੀਂ ਚੱਜ ਆਚਾਰ ਵਾਲੇ।
'ਤਾਰਾ' ਜੀ ਕੀ ਰਹਿ ਗਿਆ ਹਿੰਦ ਅੰਦਰ;
ਸਮੇਂ ਰਹੇ ਨਹੀਂ ਮੌਜ ਬਹਾਰ ਵਾਲੇ।

ਕਵੀ–

ਐ ਹਿੰਦੂਓ, ਸਿੰਘੋ ਤੇ ਮੁਸਲਮਾਨੋਂ,
ਛਡੋ ਝਗੜੇ ਹੋਰ ਵਿਗਾੜ ਵਾਲੇ।
ਆਪਸ ਵਿਚ ਕਰ ਲਵੋ ਇਤਫ਼ਾਕ ਸਾਰੇ,
ਜਫੇ ਪਾ ਲਓ ਪ੍ਰੇਮ ਪਿਆਰ ਵਾਲੇ।
ਵੀਰ ਵੀਰ ਸਾਰੇ ਸਾਂਝੇ ਬੈਠ ਕੇ ਤੇ,
ਸੋਚੋ ਰਸਤੇ ਦੇਸ਼ ਸੁਧਾਰ ਵਾਲੇ।
ਸਮੇਂ ਗੁਜ਼ਰੇ ਫ਼ਤਹ ਨੂੰ ਨਾਲ ਲੈ ਕੇ,
ਮੁੜ ਆਉਣਗੇ ਮੌਜ ਬਹਾਰ ਵਾਲੇ।

ਮਾਂ ਦਾ ਪਿਆਰ

ਘੜੀ ਸੌਂਵਦੀ ਸੀ ਘੜੀ ਜਾਗਦੀ ਸੀ,
ਕੁੰਡੀ ਖੋਲ੍ਹਦੀ ਸੀ ਘੜੀ ਮਾਰਦੀ ਸੀ।
ਘੜੀ ਘੜੀ ਵੱਲ ਘੜੀ ਦੇ ਵੇਖਦੀ ਸੀ,
ਘੜੀਆਂ ਗਿਣ ਗਿਣ ਰਾਤ ਗੁਜ਼ਾਰਦੀ ਸੀ।
ਕਿਸੇ ਘੜੀ ਸੁਭਾਗ ਦੀ ਆਸ ਅੰਦਰ,
ਘੜੀ ਕਟਦੀ ਉਹ ਇੰਤਜ਼ਾਰ ਦੀ ਸੀ।
ਜਾਗ ਜਾਗ ਗੁਜ਼ਾਰੀ ਸੀ ਰਾਤ ਸਾਰੀ,
ਮਾਰੀ ਖ਼ਬਰੇ ਉਹ ਕਿਸ ਦੇ ਪਿਆਰ ਦੀ ਸੀ।

ਉਹ ਕੌਣ ਸੀ? ਕਿਸ ਨੂੰ ਉਡੀਕਦੀ ਸੀ?
ਪਈ ਹੋਂਵਦੀ ਇੱਡੀ ਬੇਚੈਨ ਕਿਉਂ ਸੀ?
ਦੁੱਖ ਕਿਸ ਦੇ ਵਿਛੋੜੇ ਦੇ ਝਾਗ ਰਹੀ ਸੀ,
ਕੱਟਦੀ ਅੱਖੀਆਂ ਦੇ ਅੰਦਰ ਰੈਨ ਕਿਉਂ ਸੀ?

ਦਿਲੋਂ ਸਮਝਿਆ ਕਿਸੇ ਦੀ ਭੈਣ ਹੋਸੀ,
ਪਿਆਰਾ ਵਿਛੜਿਆ ਇਸ ਦਾ ਵੀਰ ਕੋਈ।
ਯਾ ਕਿ ਪ੍ਰੀਤਮ ਪਿਆਰੇ ਦੀ ਯਾਦ ਅੰਦਰ,
ਸਹਿ ਰਹੀ ਵਿਛੋੜੇ ਦੇ ਤੀਰ ਕੋਈ।
ਯਾ ਕਿ 'ਰਾਂਝੇ' ਨੂੰ ਪਈ ਉਡੀਕਦੀ ਸੀ,
ਬੈਠੀ ਵਿਚ ਵਿਯੋਗ ਦੇ 'ਹੀਰ' ਕੋਈ।

ਪਤਾ ਨਹੀਂ ਉਹ ਲੱਗਦਾ ਕੀ ਉਸ ਦਾ,
ਜਿਸ ਦੀ ਸਾਮ੍ਹਣੇ ਰੱਖੀ ਤਸਵੀਰ ਕੋਈ।

ਉਹ ਨਾ ਕਿਸੇ ਭਰਾ ਦੀ ਭੈਣ ਹੈਸੀ,
ਬੈਠੀ ਨਾ ਸੀ ਪਿਆਰੇ ਦੀ ਯਾਦ ਅੰਦਰ।
ਮਾਰੀ ਮਾਮਤਾ ਕਿਸੇ ਦੀ ਮਾਂ ਹੈ ਸੀ,
ਬੈਠੀ ਅੱਖਾਂ ਦੇ 'ਤਾਰੇ' ਦੀ ਯਾਦ ਅੰਦਰ।

ਛੁਟੀਆਂ ਹੋ ਗਈਆਂ ਨੇ, ਸਾਰੇ ਆ ਗਏ ਨੇ,
ਮੇਰੀ ਅੱਖੀਆਂ ਦਾ ਆਇਆ ਲਾਲ ਕਿਉਂ ਨਹੀਂ ?
ਪੁਤ ਸਾਰੀਆਂ ਮਾਵਾਂ ਦੇ ਆ ਗਏ ਨੇ,
ਮੇਰੇ ਲਾਲ ਨੂੰ ਲੈ ਆਏ ਨਾਲ ਕਿਉਂ ਨਹੀਂ।
ਪੁਤ ਪਿਆਰ ਦੇ ਆਸਰੇ ਜੀਉਂਦੀ ਹਾਂ,
ਮੇਰੇ ਪੁਤ ਨੂੰ ਮੇਰਾ ਖ਼ਿਆਲ ਕਿਉਂ ਨਹੀਂ ?
ਚਾਰ ਸਾਲ ਤੋਂ ਵਿਚ ਪ੍ਰਦੇਸ ਬੈਠਾ,
ਮੁੱਕੇ ਅਜੇ ਪੜ੍ਹਾਈ ਦੇ ਸਾਲ ਕਿਉਂ ਨਹੀਂ ?

ਜੇ ਨਾ ਪੁਤ-ਪਿਆਰ ਦਾ ਬਲ ਹੋਵੇ,
ਸਹਿ ਕੇ ਇਡਾ ਵਿਛੋੜਾ ਹੈ ਜੀਣ ਔਖਾ।
ਬਧੀ ਆਸਾਂ ਦੀ ਜਗ ਤੇ ਜੀਊਂਦੀ ਹਾਂ,
ਨਹੀਂ ਤਾਂ ਪਾਣੀ ਦਾ ਘੁੱਟ ਵੀ ਪੀਣ ਔਖਾ।

ਮੁੜ ਕੇ ਰਾਤ ਆਈ ਨਾ ਉਹ ਚੰਨ ਚੜ੍ਹਿਆ,
ਨਾ ਉਹ ਮਾਤਾ ਪਿਆਰੀ ਦਾ ਲਾਲ ਆਇਆ।

ਸੀ ਉਡੀਕ ਤੇ ਨਾਲੇ ਪਿਆਰ ਹੈਸੀ,
ਸੀਨੇ ਮਾਂ ਦੇ ਵਿਚ ਉਬਾਲ ਆਇਆ ।
ਭਾਂਬੜ ਪਿਆਰ ਦੇ ਸੀਨੇ 'ਚ ਭੜਕ ਉਠੇ,
ਜਿਗਰ ਟੋਟੇ ਦਾ ਜਦੋਂ ਖ਼ਿਆਲ ਆਇਆ ।
ਏਨੇਂ ਵਿਚ ਹੀ ਆਈ ਆਵਾਜ਼ ਬਾਹਰੋਂ,
ਮਾਤਾ ! ਖੋਹਲ ਬੂਹਾ ਤੇਰਾ ਲਾਲ ਆਇਆ ।

ਰਹੀ ਹਦ ਨਾ ਕੋਈ ਪ੍ਰਸੰਨਤਾ ਦੀ,
ਨਾਲ ਖ਼ੁਸ਼ੀ ਦੇ ਅਥਰੂ ਵਗਾਣ ਲਗੀ ।
ਸਦਕੇ, ਵਾਰੀਆਂ, ਘੋਲੀਆਂ ਜਾਣ ਲਗੀ,
ਘੁੱਟ ਘੁੱਟ ਕੇ ਗਲੇ ਲਗਾਣ ਲਗੀ ।

ਖਰੀਆਂ ਖਰੀਆਂ

ਕੱਲ ਇਕ ਬਾਬੂ ਪਿਆ ਕਹਿੰਦਾ ਸੀ ਬਜ਼ਾਰ ਵਿਚ,
ਨੌਕਰੀ ਦੇ ਬਿਨਾਂ ਹੋਰ ਖ਼ਾਕ ਰੁਜ਼ਗਾਰ ਨੇ।
ਖੇਤੀ ਕਿਰਸਾਣੀ ਤਾਈਂ ਉਤਮ ਬਖਾਨਦੇ ਜੋ,
ਘੁਸ ਜਾਵੇ ਸਮਾਂ ਹੁੰਦੇ ਖੱਜਲ ਖਵਾਰ ਨੇ।
ਸਾਹਮਣੇ ਤਾਂ ਹੋਵੇ, ਕਹਿੰਦਾ ਨੌਕਰੀ ਨਖਿਧ ਜਿਹੜਾ,
ਨੌਕਰੀ ਦੇ ਬਾਝ ਸਾਰੇ ਮੱਧਮ ਵਪਾਰ ਨੇ।
ਐਫ਼ ਏ., ਬੀ. ਏ. ਪੜ੍ਹ ਕੇ ਤੇ ਬਾਬੂ ਬਣ ਜਾਂਵਦੇ ਨੇ,
ਨੌਕਰੀਆਂ ਵਾਲੇ ਬਣ ਜਾਂਦੇ ਸਰਦਾਰ ਨੇ।

ਥਾਣੇਦਾਰ, ਸੂਬੇਦਾਰ, ਜ਼ਿਲੇ ਤੇ ਤਸੀਲਦਾਰ,
ਨੌਕਰੀ ਦੇ ਬਾਝ ਦਸੋ ਹੋਰ ਕਿਹੜੇ ਦਾਰ ਨੇ ?
ਨੌਕਰੀਆਂ ਵਾਲਿਆਂ ਦੇ ਪਿਛੇ ਪਿਛੇ ਫਿਰਨ ਸਾਰੇ,
ਹਥ ਬਧੇ ਲੋਕ ਇਨ੍ਹਾਂ ਸੰਦੇ ਤਾਬੇਦਾਰ ਨੇ।
ਕਰਦੇ ਹਕੂਮਤਾਂ, ਚਲਾਂਵਦੇ ਹੁਕਮ ਇਹੀ,
ਮਾਣਦੇ ਨੇ ਮੌਜ ਇਹੋ ਲੁਟਦੇ ਬਹਾਰ ਨੇ।
ਮੀਂਹ ਹੋਵੇ, ਕਣੀ ਹੋਵੇ, ਕਾਲ ਜਾਂ ਸਕਾਲ ਹੋਵੇ,
ਬਧੇ ਤੇ ਬਧਾਏ ਪੈਸੇ ਮਿਲਦੇ ਮਾਹਵਾਰ ਨੇ।

ਘਿਰਣਾਂ ਦੇ ਨਾਲ ਤਕੇ ਜਾਂਵਦੇ ਨੇ ਹੋਰ ਲੋਕ,
ਨੌਕਰੀਆਂ ਹੀ ਵਾਲੇ ਮੰਨੇ ਜਾਂਦੇ ਸਰਦਾਰ ਨੇ।

ਹੋਰ ਕੰਮਾਂ ਵਾਲੇ ਭਾਵੇਂ ਕਿਡੇ ਹੀ ਅਮੀਰ ਹੋਣ,
ਕੰਮੀਆਂ ਦੇ ਵਿਚ ਸਭੇ ਹੋਂਵਦੇ ਸ਼ੁਮਾਰ ਨੇ।
ਫੱਤੂ ਓਏ ! ਗਾਮਿਆ ਓ ! ਕੰਮ ਕਰੀਂ ਆਹ ਮੇਰਾ,
ਪੂਰੇ ਨਾਂਵਾਂ ਨਾਲ ਵੀ ਨਾ ਹੋਂਵਦੀ ਪੁਕਾਰ ਨੇ।
ਬਾਬੂ ਜੀ ਤੇ ਚੌਧਰੀ ਜੀ ਆਉ ਸਰਦਾਰ ਜੀ,
ਨੌਕਰੀਆਂ ਵਾਲਿਆਂ ਦੇ ਹੁੰਦੇ ਸਤਿਕਾਰ ਨੇ।
ਚਾਲੀ ਸੇਰੀ ਗੱਲ ਮੈਂ ਤਾਂ ਦਾਹਵੇ ਨਾਲ ਆਖਨਾਂ ਵਾਂ,
ਨੌਕਰੀ ਦੇ ਬਾਝ ਹੋਰ ਕਾਰਾਂ ਹੀ ਬੇਕਾਰ ਨੇ।

ਮੀਆਂ ਮਿੱਠੂ ਹੋਰੀਂ ਅਜੇ ਸ਼ੇਖ਼ੀ ਪਏ ਸਾੜਦੇ ਸੀ,
ਸੁਣ ਲਈ ਗਲ ਕੋਲੋਂ ਲੰਘਦੇ ਲੁਹਾਰ ਨੇ।
ਬੋਲੀਆਂ ਟਣੋਕੇ ਜਦੋਂ ਸੁਣੇ ਉਸ ਬਾਬੂ ਜੀ ਦੇ,
ਤਤਾ ਹੋਇਆ ਡਾਢਾ ਜਿਵੇਂ ਤਪਦੇ ਅੰਗਾਰ ਨੇ।
ਲੋਹਾ-ਲਾਖਾ ਹੋਇ ਕੇ ਤੇ ਕਹਿਣ ਲਗਾ: ਬਾਬੂਆ ਵੇ,
ਲੋਹਾ ਮੇਰਾ ਮੰਨਿਆਂ ਹੈ ਸਾਰੇ ਸੰਸਾਰ ਨੇ।
ਤੇਰੇ ਜਿਹਾਂ ਲੱਖਾਂ ਤਾਈਂ ਨੱਕ 'ਚ ਨਕੇਲ ਪਾ ਕੇ,
ਵਸ ਵਿਚ ਕੀਤਾ ਮੇਰੀ ਬਣੀ ਤਲਵਾਰ ਨੇ।

ਮੇਰੇ ਕਾਰਖ਼ਾਨੇ ਅਗੇ ਸਾਰੀ ਸਾਰੀ ਰਾਤ ਤੇੜੀ,
ਤੇਰੇ ਜਿਹੇ ਲਖਾਂ ਖਲੇ ਰਹਿੰਦੇ ਪਹਿਰੇਦਾਰ ਨੇ।
ਮੇਰੀਆਂ ਬਣਾਈਆਂ ਹੋਈਆਂ ਮੋਟਰਾਂ ਤੇ ਗਡੀਆਂ ਨੇ,
ਮੇਰੇ ਹਥੋਂ ਬਣੀਆਂ ਮਸ਼ੀਨਾਂ ਬੇਸ਼ੁਮਾਰ ਨੇ।
ਜਿਨ੍ਹਾਂ ਦੇ ਹਿਸਾਬ ਲਈ ਬਾਬੂ ਬੇ-ਹਿਸਾਬ ਹੈਨ,
ਤੇਰੇ ਜੇਹੇ ਨੌਕਰ ਤੇ ਚਾਕਰ ਹਜ਼ਾਰ ਨੇ।

ਨੌਕਰੀਆਂ ਵਾਲਿਆਂ ਦਾ ਕਰੇਂ ਤੂੰ ਗੁਮਾਨ ਏਡਾ,
ਨੌਕਰੀ ਵੀ ਸਹੁਰੀ ਕੋਈ ਕਾਰਾਂ ਵਿਚੋਂ ਕਾਰ ਨੇ ?

ਖੇਤੀ ਜਣੇ ਖਣੇ ਦੀ, ਨਾ ਇਜ਼ਤ ਨਾ ਪੱਤ ਕੋਈ,
'ਠਾਰਾਂ ਵੇਰੀ ਦਿਨ ਵਿਚ ਖਾਂਦੇ ਝਿੜਕਾਰ ਨੇ।
ਕੀਲੇ ਹੋਏ ਸਪ ਵਾਂਗ ਵਿਸਾਂ ਪਏ ਘੋਲਦੇ ਨੇ,
ਬੋਲਦੇ ਨੇ ਅਗੋਂ ਬੋਲ ਪੈਂਦੇ ਨੇ ਸਹਾਰਨੇ।
ਗ਼ੈਰਾਂ ਦੇ ਅਧੀਨ ਰਹਿ ਕੇ ਜੀਣਾ ਵੀ ਹੈ ਜੀਣ ਕੋਈ ?
ਮੁਰਦਾ ਜ਼ਮੀਰ ਜੋ ਨੇ ਜੀਂਦੇ ਮੁਰਦਾਰ ਨੇ।
ਭਵੀਂ ਹੋਈ ਅੱਖ ਜ਼ਰਾ ਖਸਮਾਂ ਦੀ ਡਿੱਠੀ ਜਦ,
ਜਾਨ ਨੂੰ ਚਮੁਟ ਗਏ ਫ਼ਿਕਰ ਹਜ਼ਾਰ ਨੇ।

ਹਾਏ ਮਤਾਂ ਕਢ ਦੇਣ, ਹਾਏ ਮਤਾਂ ਕਢ ਦੇਣ,
ਅਗੇ ਕਈ ਵੀਰ ਪਏ ਫਿਰਦੇ ਬੇਕਾਰ ਨੇ।
ਰੋਟੀ ਵੀ ਬੇਗਾਨੇ ਹਥ, ਪਾਣੀ ਵੀ ਬੇਗਾਨੇ ਹਥ,
ਜਾਨ ਤੇ ਸਰੀਰ ਤੇ ਨਾ ਰਤੀ ਅਖ਼ਤਿਆਰ ਨੇ।
ਸੁਪਨੇ ਦੇ ਵਿਚ ਵੀ ਉਹ ਥਰ ਥਰ ਕੰਬਦੇ ਨੇ,
ਪੌਲਿਆਂ ਦੀ ਪੰਡ ਸਦਾ ਸਿਰਾਂ ਤੇ ਸਵਾਰ ਨੇ।
ਬੜਾ ਭੈੜਾ ਹਾਲ ਯਾਰੋ ਨੌਕਰੀ ਦਾ ਹੋਂਵਦਾ ਏ,
ਨੌਕਰੀ ਗ਼ੁਲਾਮੀ ਵਗੀ ਰਬ ਵਲੋਂ ਮਾਰ ਨੇ।

ਝੋਲੀ ਅਡ ਦਰ ਦਰ ਹੌਲੇ ਕਿਉਂ ਹੋਂਵਦੇ ਹੋ,
ਹਥ ਪੈਰ ਦਿਤੇ ਕਾਹਦੇ ਲਈ ਕਰਤਾਰ ਨੇ।
ਪੜ੍ਹੋ ਲਿਖੋ ਚੰਗੀ ਤਰ੍ਹਾਂ ਅਕਲ ਵਧਾਓ ਖ਼ੂਬ,
ਨੌਕਰੀ ਨ ਕਰੋ ਮੂਲ, ਚੜ੍ਹਨਾ ਜੇ ਪਾਰ ਨੇ।

ਜਟ ਕਿਰਸਾਣ ਜਾਂ ਲੁਹਾਰ ਤਰਖਾਣ ਬਣੋ,
ਡੋਬ ਦਿਤਾ ਦੇਸ ਸਾਡਾ ਨੌਕਰੀ ਦੇ ਪਿਆਰ ਨੇ ।
ਸੂਈਆਂ ਤੇ ਸਲਾਈਆਂ ਨੂੰ ਬਣਾਣ ਵਾਲੇ'ਤਾਰਿਆ'ਵੇ,
ਵਿਚ ਸੰਸਾਰ ਅਜ ਬਣੇ ਤਾਜਦਾਰ ਨੇ ।

ਖਰੀ ਖਰੀ ਬਾਬੂ ਹੁਰਾਂ ਸੁਣੀ ਜਾਂ ਲੁਹਾਰ ਕੋਲੋਂ,
ਛਿਥੇ ਹੋਏ ਡਾਢੇ ਅਤੇ ਮੰਨ ਲਈ ਹਾਰ ਨੇ ।
ਨੌਕਰੀ ਤੇ ਚਾਕਰੀ ਦਾ ਛਡ ਕੇ ਖ਼ਿਆਲ ਪਰ੍ਹਾਂ,
ਫੜ ਲਏ ਹਥਾਂ ਵਿਚ ਝਟ ਹਥਿਆਰ ਨੇ ।
ਰੰਬਾ ਤੇ ਦਰਾਂਤੀ, ਨਾਲ ਤੇਸਾ ਤੇ ਹਥੌੜਾ ਫੜ,
ਖ਼ੁਸ਼ੀ ਨਾਲ ਕਹਿਣ ਲਗਾ : ਇਹੋ ਮੇਰੇ ਯਾਰ ਨੇ ।
ਬੂਟ ਸੂਟ ਵਾਲਾ ਬਾਬੂ ਖਲਾ ਸੀ ਤੜਿੰਗ ਜਿਹੜਾ,
ਡਾਢਾ ਉਂਡਾ ਕੀਤਾ ਇਸ ਹਥਾਂ ਵਾਲੀ ਕਾਰ ਨੇ ।

ਕੌਣ ਹਾਂ ਮੈਂ

ਕੋਈ ਰਿਸ਼ੀ ਤੇ ਮੁਨੀ ਪੁਕਾਰ ਕਰਦੇ,
ਕੋਈ ਸਮਝਦੇ ਭਗਤ ਅਲੱਗ ਮੈਨੂੰ।
ਕੋਈ ਮੋਤੀਆਂ ਨਾਲ ਮਿਲਾਏ ਮੈਨੂੰ,
ਕੋਈ ਸਮਝਦਾ ਏ ਸੁੱਚਾ ਨਗ ਮੈਨੂੰ।
ਕਾਲਾ ਸ਼ਾਹ ਕਰਤੂਤਾਂ ਦਾ ਹਵਾਂ ਭਾਵੇਂ,
ਫਿਰ ਭੀ ਆਖਦਾ ਕੋਈ ਨਾ ਠਗ ਮੈਨੂੰ।
ਦਿਨੇ ਸ਼ਰਮ ਦਾ ਮਾਰਿਆ ਨਿਕਲਦਾ ਨਾ,
ਰਾਤੀਂ ਉਠਿਆਂ ਤਕਦਾ ਜਗ ਮੈਨੂੰ।

ਮੈਂ ਹਾਂ ਮਿਟੀ ਤੋਂ ਸੋਨਾ ਬਣਾਣ ਵਾਲਾ,
ਸਾੜ੍ਹ-ਸਤੀਆਂ ਕਿਧਰੇ ਲਿਆਉਣ ਵਾਲਾ।
ਅਕਲਾਂ ਵਾਲਿਓ ਬੁਝੋ ਖਾਂ ਕੌਣ ਹਾਂ ਮੈਂ,
ਲਿਖਣ ਵਾਲੇ ਦਾ ਨਾਮੀ ਸਦਾਣ ਵਾਲਾ।

ਭਾਗ ਤੀਜਾ

ਪ੍ਰੇਮ ਤੇ ਬਿਰਹੋਂ

ਪ੍ਰੀਤਮ-ਵਿਛੋੜਾ ਤੇ ਪ੍ਰੀਤਮ-ਉਡੀਕਾਂ

ਮਾਹੀਆ ਜੁਦਾਈ ਤੇਰੀ, ਅਤੀ ਦੁਖਦਾਈ ਮੈਨੂੰ,
ਕਾਲਜੇ ਨੂੰ ਕਟਦੀ ਏ ਪ੍ਰੇਮ ਦੀ ਕਟਾਰੀ ਤੇਰੀ।
ਅੱਠੇ ਪਹਿਰ ਆਂਵਦੀ ਏ ਯਾਦ ਮੈਨੂੰ ਪ੍ਰੀਤਮਾਂ ਵੇ,
ਮਨ ਮੇਰਾ ਮੋਹਣ ਵਾਲੀ ਮੂਰਤ ਪਿਆਰੀ ਤੇਰੀ।
ਖਾਣ ਪੀਣ ਸੁੱਝਦਾ ਨਹੀਂ, ਭਾਂਵਦਾ ਨਹੀਂ ਰੰਗ ਰਾਗ,
ਦੁਖ ਮੈਨੂੰ ਦੇਂਵਦੀ ਏ ਨਿਤ ਇੰਤਜ਼ਾਰੀ ਤੇਰੀ।
ਸੁੱਕ ਸੁੱਕ ਤੀਲੇ ਵਾਂਗ ਹੋਈ ਹੋਈ ਜਾਨ ਮੇਰੀ,
ਹਾਏ ! ਸੱਟ ਲਗੀ ਏ, ਵਿਛੋੜੇ ਦੀ ਕਰਾਰੀ ਤੇਰੀ।
ਤਪ ਨਾਹੀਂ, ਖੰਘ ਨਾਹੀਂ, ਹੋਰ ਕੋਈ ਰੋਗ ਨਾਹੀਂ,
ਇਕੋ ਇਕ ਲਗੀ ਮੈਨੂੰ ਪ੍ਰੇਮ ਦੀ ਬੀਮਾਰੀ ਤੇਰੀ।
ਡੋਹਲ ਡੋਹਲ ਅਥਰੂ ਬੁਝਾਂਵਦੀ ਹਾਂ ਨਿਤ ਇਹਨੂੰ,
ਬੁਝਦੀ ਨਾ ਮੂਲ ਐਸੀ ਪ੍ਰੇਮ ਦੀ ਅੰਗਾਰੀ ਤੇਰੀ।
ਬਲਦੀ ਭੀ ਨਾਹੀਂ, ਹਾਏ ਬੁਝਦੀ ਭੀ ਨਾਹੀਂ ਇਹ ਤਾਂ,
ਸੀਨੇ ਵਿਚ ਧੁਖਦੀ ਪਿਆਰ ਦੀ ਚੰਗਾਰੀ ਤੇਰੀ।
ਤੱਕ ਤੱਕ ਦਰ ਤੇਰਾ ਅੱਖੀਆਂ ਭੀ ਥਕੀਆਂ ਨੇ,
ਖੌਰੇ ਕਦੋਂ ਖੁਲ੍ਹਦੀ ਏ, ਮੇਹਰਾਂ ਵਾਲੀ ਬਾਰੀ ਤੇਰੀ।
ਵਾਰੀ ਵਾਰੀ ਜਾਵਾਂ ਸੱਦ ਵਾਰੀ ਬਲਿਹਾਰੀ ਕਦੀ,
ਮਿਲ ਜਾਏ ਮੂਰਤਿ ਪਿਆਰੀ ਇਕ ਵਾਰੀ ਤੇਰੀ।
ਨਸ ਕਿਵੇਂ ਜਾਸੋ, ਦੱਸੋ ਦਿਲ ਕੋਲੋਂ ਦੂਰ ਦੂਰ,
ਅਖੀਆਂ ਤੋਂ ਉਹਲੇ ਭਾਵੇਂ ਬਣੀ ਏ ਅਟਾਰੀ ਤੇਰੀ।
ਆਉ, ਨ ਦੁਖਾਉ ਦਿਲ, ਹਾਏ ਤੜਫਾਉ ਨਾਹੀਂ,

ਹੱਦੋਂ ਵੱਧ ਹੋਈ ਹੋਈ ਦਾਸੀ ਦੁਖਿਆਰੀ ਤੇਰੀ।
ਛੇਤੀ ਮੇਰੇ ਮਾਹੀ ਜੀਉ ਦਰਸ ਦਿਖਾਉ, ਆਓ,
ਹਾਏ ਮਤਾਂ ਸੁਕ ਜਾਏ ਪ੍ਰੇਮ ਦੀ ਕਿਆਰੀ ਤੇਰੀ।
ਦੁੱਖਾਂ ਵਾਲੇ ਕੰਡਿਆਂ ਤੇ ਸੌਂਵਦੀ ਹਾਂ ਆਪ ਮਾਹੀ,
ਪਿਆਰ ਦਿਆਂ ਫੁੱਲਾਂ ਨਾਲ ਸੇਜ ਹੈ ਸੰਵਾਰੀ ਤੇਰੀ।
ਕਿਹੜੀ ਗੱਲੋਂ ਮੋੜਿਆ ਈ ਮੁਖ ਅਜ ਪ੍ਰੀਤਮਾਂ ਵੇ।
ਦੇ ਚੁੱਕੀ ਹਾਂ ਦਿਲ ਸਣੇ ਜਾਨ ਭੀ ਇਹ ਸਾਰੀ ਤੇਰੀ।
ਤੇਰੀਆਂ ਉਡੀਕਾਂ ਵਿਚ ਦਿਨ ਲੰਘ ਜਾਂਦੇ ਮੇਰੇ,
ਗਿਣ ਗਿਣ 'ਤਾਰੇ' ਅੱਜ ਰਾਤ ਭੀ ਗੁਜ਼ਾਰੀ ਤੇਰੀ।

ਲਿਖਦੇ ਕਿਉਂ ਨਹੀਂ ਚਿਠੀ

ਸੂਰਤ ਸੋਹਣੀ ਪ੍ਰੀਤਮ ਜੀ ਦੀ,
ਸੁਪਨੇ ਵਿਚ ਅਜ ਡਿਠੀ।
ਖਿੜਿਆ ਦਿਲ ਜਾਂ ਦਰਸ਼ਨ ਕੀਤੇ,
ਤੇ ਬੋਲੀ ਸੁਣੀ ਜਾਂ ਮਿਠੀ।
ਵੇਲਾ ਤਾੜ ਕੇ ਪੁਛਿਆ ਝਟ ਪਟ,
ਗਲ ਇਕ ਦਸੋ ਮੈਨੂੰ;
ਕਿਹੜੀ ਗਲੋਂ ਗੁਸੇ ਹੋ ਕੇ,
ਲਿਖਦੇ ਨਹੀਂ ਹੋ ਚਿਠੀ?

ਜਿਨ੍ਹਾਂ ਨੂੰ ਤੁਸੀਂ ਵਿਸਾਰ ਬੈਠੇ

ਲਿਖਾਂ ਚਿਠੀਆਂ ਆਵੇ ਜਵਾਬ ਕੋਈ ਨਾ,
ਪੂਰੇ ਪੰਜ ਮਹੀਨੇ ਗੁਜ਼ਾਰ ਬੈਠੇ।
ਨਹੀਂ ਹੋਂਵਦੀ ਹੋਰ ਉਡੀਕ ਰਤੀ,
ਵਧ ਹਦ ਤੋਂ ਕਰ ਇੰਤਜ਼ਾਰ ਬੈਠੇ।
ਜਾਵੇ ਕੌਣ ਜੋ ਉਨ੍ਹਾਂ ਨੂੰ ਕਵ੍ਹੇ ਜਾ ਕੇ,
ਉਹ ਨੇ ਤੁਸਾਂ ਤੋਂ ਬਿਨਾਂ ਲਾਚਾਰ ਬੈਠੇ,
ਦਿਲੋਂ ਜਿਨ੍ਹਾਂ ਨੂੰ ਤੁਸੀਂ ਭੁਲਾਈ ਬੈਠੇ,
ਉਹ ਤਾਂ ਰੋਂਵਦੇ ਨੇ ਜ਼ਾਰੋ ਜ਼ਾਰ ਬੈਠੇ।

ਉਹ ਤਾਂ ਤੁਸਾਂ ਦੀ ਲੰਮੀ ਜੁਦਾਈ ਅੰਦਰ,
ਹੁੰਦੇ ਪਏ ਨੇ ਖਜਲ ਖ਼ਵਾਰ ਬੈਠੇ।
ਕਰਦੇ ਯਾਦ ਨੇ ਤੁਸਾਂ ਨੂੰ ਦਿਨੇ ਰਾਤੀਂ,
ਪ੍ਰੀਤਮ ਜਿਨ੍ਹਾਂ ਨੂੰ ਤੁਸੀਂ ਵਿਸਾਰ ਬੈਠੇ।

ਕਿਥੇ ਨੇ ਮਿਤਰ ਪਿਆਰੇ

ਜਿਨ੍ਹਾਂ ਨਾਲ ਪ੍ਰੀਤ ਲਗਾ,
ਦਿਨ ਨਾਲ ਪ੍ਰੀਤ ਗੁਜ਼ਾਰੇ।
ਅਜ ਉਹ, ਪ੍ਰੇਮ ਪਿਆਰ ਭੁਲਾ ਕੇ,
ਦੁਸ਼ਮਨ ਬਣ ਗਏ ਸਾਰੇ।
ਡਾਢਾ ਆਵੇ ਰੋਣ ਉਦੋਂ,
ਜਾਂ ਪੁਛਦਾ ਆ ਕੇ ਕੋਈ,
'ਤਾਰਾ' ਜੀ ਕਿਥੇ ਨੇ ਤੇਰੇ
ਸਜਣ ਮਿਤਰ ਪਿਆਰੇ।

ਚਾਰ ਗਲਾਂ

ਗਲਾਂ ਗਲਾਂ ਦੀ ਸਾਥੋਂ ਕੀ ਪੁਛਦੇ ਹੋ,
ਹੋਈਆਂ ਕੀ ਕੀ ਸਾਡੇ ਵਿਚਕਾਰ ਗਲਾਂ ।
ਕੋਈ ਕੰਮ ਦੀ ਗਲ ਸੁਣਾ ਯਾਰਾ,
ਚਲ ਛਡ ਹੁਣ ਜਾਣ ਦੇ ਯਾਰ ਗਲਾਂ ।
ਗਲਾਂ ਸਾਰੀਆਂ ਗਿਣ ਗਿਣ ਕੌਣ ਦਸੇ,
ਅਸਾਂ ਕੀਤੀਆਂ ਕਈ ਹਜ਼ਾਰ ਗਲਾਂ ।
ਇਕ ਉਹ ਜੋ ਕੀਤੀਆਂ ਲਾਣ ਵੇਲੇ,
ਬਹਿਕੇ ਕਠਿਆਂ ਨਾਲ ਪਿਆਰ ਗਲਾਂ ।
ਇਕ ਉਹ ਜੋ ਰੋਜ਼ ਹੀ ਹੋਂਦੀਆਂ ਸਨ,
ਇਕ ਦੂਜੇ ਨੂੰ ਮਿਲਦਿਆਂ ਸਾਰ ਗਲਾਂ ।
ਇਕ ਉਹ ਜੋ ਲਿਖ ਕੇ ਭੇਜੀਆਂ ਸਨ,
ਵਿਚ ਚਿਠੀ ਦੇ ਮੇਰੀ ਸਰਕਾਰ ਗਲਾਂ ।
ਇਕ ਉਹ ਜੋ ਲੋਕਾਂ ਦੇ ਲੱਗ ਆਖੇ,
ਤੁਸਾਂ ਕੀਤੀਆਂ ਬਿਨਾਂ ਵਿਚਾਰ ਗਲਾਂ ।
ਇਕ ਉਹ ਜੋ ਲੋਕਾਂ ਨੇ ਕੀਤੀਆਂ ਸਨ,
ਜਾ ਕੇ ਸਾਡੀਆਂ ਵਿਚ ਸੰਸਾਰ ਗਲਾਂ ।
ਗਲਾਂ ਕੀਤੀਆਂ ਤੇ ਗਲਾਂ ਪੇਸ਼ ਆਈਆਂ,
ਗਲਾਂ ਗਾਲਿਆ, ਕੀਤਾ ਖ਼ੁਆਰ ਗਲਾਂ ।
ਪਤਾ ਹੁੰਦਾ ਤੇ ਪਹਿਲਾਂ ਹੀ ਚੁਪ ਰਹਿੰਦੇ,
ਕਾਹਨੂੰ ਕਰਨੀਆਂ ਸਨ ਇਹ ਬੇਕਾਰ ਗਲਾਂ ।
ਹੁਣ ਤਾਂ ਭੈੜੀਆਂ ਗਲੋਂ ਹੀ ਲਹਿੰਦੀਆਂ ਨਹੀਂ,

ਬਣੀਆਂ ਹੋਈਆਂ ਨੇ ਗਲੇ ਦਾ ਹਾਰ ਗਲਾਂ ।
ਕਹਿੰਦੇ ਹੁੰਦੇ ਸਉ ਬਹੁਤ ਸੁਖੱਲੀਆਂ ਨੇ,
ਕਿਉਂ ਹੋ ਗਈਆਂ ਅਜ ਦੁਸ਼ਵਾਰ ਗਲਾਂ ?
'ਤਾਰਾ' ਜੀ ਹੁਣ ਕੰਨਾਂ ਨੂੰ ਹਥ ਲਾਓ,
ਬਸ ਇਤਨੀਆਂ ਹੀ ਬੇਸ਼ੁਮਾਰ ਗਲਾਂ।

ਨਿਹੁੰ ਲਾ ਕੇ ਪਾਲਣੇ ਬੜੇ ਔਖੇ

ਸੌਖਾ ਕੰਮ ਨਹੀਂ ਲਾਣੀ ਪ੍ਰੀਤ ਯਾਰੋ,
ਧੰਦੇ ਪਿਆਰ ਦੇ ਘਾਲਣੇ ਬੜੇ ਔਖੇ।
ਸਚੇ ਯਾਰ ਇਸ ਝੂਠੇ ਸੰਸਾਰ ਅੰਦਰ,
ਝਟ ਪਟ ਹੀ ਭਾਲਣੇ ਬੜੇ ਔਖੇ।
ਜੇ ਕਰ ਮਿਲ ਭੀ ਜਾਣ ਦੋ ਚਾਰ ਕਦੀ,
ਕਚੇ ਪਕੇ ਪਰਤਾਲਣੇ ਬੜੇ ਔਖੇ।
ਦੋ ਵਖਰੇ ਵਖਰੇ ਦਿਲ ਲੈ ਕੇ,
ਇਕ ਸੱਚੇ 'ਚ ਢਾਲਣੇ ਬੜੇ ਔਖੇ।
ਮੋਤੀ ਪਿਆਰ ਦੇ ਡੁਲ੍ਹੇ ਹੋਏ ਲਭਦੇ ਨਹੀਂ,
ਕੌਡਾਂ ਵਾਂਙ ਉਛਾਲਣੇ ਬੜੇ ਔਖੇ।
ਭਾਂਬੜ ਪਿਆਰ ਦੇ ਬਲੇ ਹੋਏ ਬੁਝਦੇ ਨਹੀਂ,
ਬੁਝ ਜਾਣ ਤੇ ਬਾਲਣੇ ਬੜੇ ਔਖੇ।
ਦਿਲ ਪਿਆਰ ਦੇ ਹੁੰਦੇ ਨੇ ਕਚ ਵਰਗੇ,
ਹੋ ਜਾਂਦੇ ਸੰਭਾਲਣੇ ਬੜੇ ਔਖੇ।
ਕਰੇ ਰਬ ਨਾ ਜੇ ਕਦੀ ਟੁਟ ਜਾਵਣ,
ਫੇਰ ਸਾਬਤ ਵਿਖਾਲਣੇ ਬੜੇ ਔਖੇ।
ਮਸਲੇ ਮੋਹ ਮੁਹੱਬਤ ਤੇ ਪਿਆਰ ਵਾਲੇ,
ਗਲਾਂ ਨਾਲ ਨਿਕਾਲਣੇ ਬੜੇ ਔਖੇ।
ਗਲਾਂ ਕਰਨੀਆਂ ਯਾਰੋ ਸੁਖੱਲੀਆਂ ਨੇ,
ਨਿਹੁੰ ਲਾ ਕੇ ਪਾਲਣੇ ਬੜੇ ਔਖੇ।

ਗੁਜ਼ਰੇ ਹੋਏ ਜ਼ਮਾਨੇ

ਨਾ ਉਹ ਰਿਹਾ ਪ੍ਰੇਮ ਜਗਤ ਵਿਚ,
ਨਾ ਪ੍ਰੇਮੀ ਮਸਤਾਨੇ।
ਪ੍ਰੇਮ ਸ਼ਮ੍ਹਾਂ ਤੇ ਸੜਨੇ ਵਾਲੇ,
ਸੜ ਗਏ ਉਹ ਪਰਵਾਨੇ।
ਮੁਹੱਬਤ ਦੀ ਗੱਲ ਸੁਪਨਾ ਹੋਈ,
ਤੇ ਗਈਆਂ ਭਾਓ ਪ੍ਰੀਤਾਂ,
'ਤਾਰਾ' ਜੀ ਨਾ ਯਾਦ ਕਰੋ–
ਹੁਣ ਗੁਜ਼ਰੇ ਹੋਏ ਜ਼ਮਾਨੇ।

ਤਾਰੇ ਦਾ ਦਿਲ

ਲੋਕੀ ਆਖਦੇ ਦਿਲਾਂ ਦੇ ਦਿਲ ਸਾਖੀ,
ਪਿਆਰਾ ਜਾਣਦਾ ਚੰਗਾ ਪਿਆਰੇ ਦਾ ਦਿਲ ।
ਐਪਰ ਪਿਆਰਿਓ, ਪਿਆਰੇ ਦਾ ਦਿਲ ਲੈ ਕੇ,
ਖ਼ੂਬ ਰੋਲਿਆ ਤੁਸਾਂ ਵਿਚਾਰੇ ਦਾ ਦਿਲ ।
ਦਬਾਂ ਧਮਕੀਆਂ ਨਾਲ ਡਰਾ ਕੇ ਤੇ,
ਮਾਰ ਦਿਤਾ ਜੇ ਕਰਮਾਂ ਦੇ ਮਾਰੇ ਦਾ ਦਿਲ ।
'ਨਰਥ ਸਾਂਈਂ ਦਾ ਤੁਸਾਂ ਕੀ ਸਮਝਿਆ ਸੀ,
ਇਹ ਦਿਲ ਸੀ ਦਿਲ ਵੀ 'ਤਾਰੇ' ਦਾ ਦਿਲ ।

ਨਹੀਂ ਸੀ ਦਿਲ ਇਹ ਕਿਸੇ ਨੂੰ ਦੇਣ ਜੋਗਾ,
ਜ਼ੋਰੀਂ ਲੈ ਗਏ ਹੋ ਤੁਸੀਂ ਖੱਸ ਕੇ ਤੇ ।
'ਚਾਰਾ ਰੋਂਵਦਾ ਹੋਵੇਗਾ ਪਿਛਲਿਆਂ ਨੂੰ,
ਜਿਸ ਨੂੰ ਮੋਹ ਲੈ ਗਏ ਹੋ ਹੱਸ ਕੇ ਤੇ ।

ਪਿਆਰੇ ਦੇ ਨੈਣ

ਝੱਟ ਦਿਲਾਂ ਤੇ ਕਬਜ਼ੇ ਜਮਾ ਲੈਨਾਂ ਏਂ,
ਕੈਸਾ ਜਾਦੂ ਹੈ ਤੇਰੀਆਂ ਅਖਾਂ ਦੇ ਵਿਚ।
ਤੇਰੇ ਨੈਣਾਂ ਦੇ ਕੁੱਠਿਆਂ ਪ੍ਰੇਮੀਆਂ ਦਾ,
ਲੇਖਾ ਲਾਂਵਦੇ ਨੇ ਲੋਕੀ ਲੱਖਾਂ ਦੇ ਵਿਚ।
ਓਹਲੇ ਅੱਖਾਂ ਤੋਂ ਅੱਖੀਆਂ ਕੀਤੀਆਂ ਨੀ,
ਲੁਕ ਗਿਆ ਹੈਂ ਕਿਹੜੀਆਂ ਰੱਖਾਂ ਦੇ ਵਿਚ।
ਪ੍ਰੀਤਮ ਇਤਨਾਂ ਜ਼ੁਲਮ ਤਾਂ ਚਾਹੀਦਾ ਨਹੀਂ,
ਸਾਨੂੰ ਸਾੜੋ ਨ ਸਿੰਨਿਆਂ ਕੱਖਾਂ ਦੇ ਵਿਚ।

ਤੱਕ ਤੱਕ ਕੇ 'ਤਾਰਾ' ਨਾ ਰਜਦਾ ਏ,
ਜਦੋਂ ਸਾਹਮਣੇ ਹੋਣ ਇਹ ਨੈਣ ਤੇਰੇ।
ਇਕ ਪਲ ਨਾ ਨੈਣਾਂ ਤੋਂ ਹੋਣ ਓਹਲੇ,
ਐਸੇ ਪ੍ਰੀਤਮਾਂ ਨੈਣ ਇਹ ਹੈਣ ਤੇਰੇ।

ਪ੍ਰੀਤ ਨਹੀਂ ਟੁੱਟਦੀ

ਐਵੇਂ 'ਟੁੱਟ ਗਈ, ਟੁੱਟ ਗਈ' ਆਖਦੇ ਹੋ,
ਇਹ ਕੋਈ ਧਾਗੇ ਦੀ ਤੰਦ ਸੀ ਟੁੱਟ ਜਾਂਦੀ।
ਸਮਝੀ ਬੈਠੇ ਸੌ ਪਤਲੀ ਡੋਰ ਇਸ ਨੂੰ,
ਝੱਟ ਪੱਟ ਜੋ ਹਥਾਂ 'ਚੋਂ ਛੁੱਟ ਜਾਂਦੀ।
ਕੱਚੇ ਕੱਚ ਦੀ ਬਣੀ ਹੋਈ ਚੀਜ਼ ਨਹੀਂ ਸੀ,
ਇਕ ਵੇਰ ਜੋ ਡਿਗਿਆਂ ਫੁੱਟ ਜਾਂਦੀ।
ਇਹ ਕੋਈ ਰੇਤ ਦੀ ਬਣੀ ਹੋਈ ਕੰਧ ਨਹੀਂ ਸੀ,
ਜੇਹੜੀ ਝੱਖੜਾਂ ਨਾਲ ਨਿਖੁੱਟ ਜਾਂਦੀ।

ਇਹ ਪ੍ਰੇਮ ਹੈ ਸੀ, ਇਹ ਪਿਆਰ ਹੈ ਸੀ,
ਕੋਈ ਬੱਚਿਆਂ ਵਾਲੀ ਖਿਡਾਲ ਨਹੀਂ ਸੀ।
'ਤਾਰਾ' ਜੀ ਇਹ ਪ੍ਰੀਤ ਦੀ ਪੜੀ ਹੈਸੀ,
ਜਾਂਦੀ ਟੁੱਟ ਇਹ ਇਸਦੀ ਮਜਾਲ ਨਹੀਂ ਸੀ।

ਕਿਸ ਕਾਰਨ ਰੁਠੇ

ਯਾਦ ਪੀਆ ਦੀ ਦਿਲ ਮੇਰੇ ਵਿਚ,
ਜਦੋਂ ਕਦੀ ਭੀ ਉੱਠੇ।
ਸੁਧ ਬੁਧ ਭੁਲ ਜਾਂਦੀ ਮੈਨੂੰ,
ਨਹੀਂ ਸੁਝਦੇ ਸਿਧ ਪੁਠੇ।
ਦਿਨੇ ਤੇ ਰਾਤੀਂ ਯਾਦ ਕਰਾਂ ਮੈਂ,
ਕੂਕਾਂ ਪ੍ਰੀਤਮ ਪ੍ਰੀਤਮ !
ਸਮਝ ਨਾ ਆਵੇ, ਕਿਸ ਕਾਰਨ,
ਅਜ ਪ੍ਰੀਤਮ ਜੀ ਨੇ ਰੁਠੇ।

ਬਾਹਰੋਂ ਹੋਰ ਤੇ ਅੰਦਰੋਂ ਹੋਰ

ਜਿਸ ਦਿਨ ਦੀ ਤੁਸਾਂ ਦੇ ਨਾਲ ਜੋੜੀ,
ਸੁਖ ਚੈਨ ਮਿਲਿਆ ਨਾ ਆਰਾਮ ਮਿਲਿਆ।
ਦੀਨ ਦੁਨੀਆਂ ਦੋਵੇਂ ਗਵਾ ਬੈਠਾ,
ਨਾਹੀ ਤੂੰ ਮਿਲਿਆ ਤੇ ਨ ਰਾਮ ਮਿਲਿਆ।
ਦੋਵੇਂ ਵਕਤ ਗੁਜ਼ਾਰੇ ਉਡੀਕ ਅੰਦਰ,
ਤੂੰ ਨਾ ਸੁਬ੍ਹਾ ਮਿਲਿਆ ਤੇ ਨਾ ਸ਼ਾਮ ਮਿਲਿਆ।
ਸਾਰੇ ਜੱਗ ਦੇ ਵਿਚ ਬਦਨਾਮ ਹੋਇਆ,
ਤੇਰੀ ਪ੍ਰੀਤ ਦਾ ਚੰਗਾ ਇਨਾਮ ਮਿਲਿਆ।

ਕੀ ਪਤਾ ਸੀ ਤੁਸੀਂ ਹੋ ਲੋਕ ਐਸੇ,
ਬਾਹਰੋਂ ਹੋਰ ਤੇ ਅੰਦਰੋਂ ਹੋਰ ਹੁੰਦੇ।
ਗਲਾਂ ਮਿਠੀਆਂ ਮਿਠੀਆਂ ਨਾਲ ਮੋਹ ਕੇ,
ਦਿਲ ਚੁਰਾਣ ਵਾਲੇ ਤੁਸੀਂ ਚੋਰ ਹੁੰਦੇ।

'ਤਾਰੇ' ਦੇ ਕੀ ਲਗਦੇ ਹੋ ?

ਸੁਣਿਆ ਸੀ ਕਿ ਤੁਸੀਂ ਹੋ ਲੋਕ ਵਡੇ,
ਮੰਨੇ-ਪਰਮੰਨੇ ਵਿਚ ਜਗ ਦੇ ਹੋ ।
ਤੁਹਾਡੀ ਸ਼ਾਨ ਤੇ ਮਾਨ ਜਹਾਨ ਮੰਨੇ,
ਮੰਨੇ ਹੋਏ ਖ਼ਸਮ ਸੌ ਪਗ ਦੇ ਹੋ ।
ਇਹ ਭੀ ਸੁਣਿਆਂ ਸੀ ਬੜੇ ਸਿਆਣੇ ਭੀ ਹੋ,
ਜਾਣੂੰ ਸਾਰਿਆਂ ਦੀ ਰਗ ਰਗ ਦੇ ਹੋ ।
ਨਾਲੇ ਅਪਣਾ ਪਰਾਇਆ ਪਛਾਣਦੇ ਹੋ,
ਪਕੇ ਪਾਰਖੂ ਚੋਰ ਤੇ ਠਗ ਦੇ ਹੋ ।

ਐਪਰ ਅਸਾਂ ਤਾਂ ਵੇਖੀ ਹਨੇਰ-ਚੌਦਸ,
ਲੋਕਾਂ ਲਈ ਭਾਵੇਂ ਗੈਸ ਜਗਦੇ ਹੋ ।
ਤੋਬਾ ! ਤੁਸਾਂ ਬੇ-ਕਦਰਾਂ ਦੀ ਦੋਸਤੀ ਤੋਂ,
ਜਾਓ, 'ਤਾਰੇ' ਦੇ ਤੁਸੀਂ ਕੀ ਲਗਦੇ ਹੋ ?

ਏਧਰ ਗਜਦੇ ਹੋ ਓਧਰ ਵਸਦੇ ਹੋ

ਦਿਲ ਖਸਦੇ ਹੋ, ਜਦੋਂ ਹਸਦੇ ਹੋ,
ਦੂਰ ਕੋਹਾਂ ਪਿਆਰ ਤੋਂ ਨਸਦੇ ਹੋ।
ਛਲ-ਬਲੀਏ ਬੜੇ ਚਲਿਤਰੀ ਹੋ,
ਸਜੀ ਮਾਰਦੇ ਹੋ, ਖਬੀ ਦਸਦੇ ਹੋ।
ਮਿਠੇ ਵਾਂਙ ਮਿਠਾਈ ਦੇ ਬਣ ਪਹਿਲੋਂ,
ਪਿਛੋਂ ਨਾਗ ਜ਼ਹਿਰੀ ਬਣ ਕੇ ਡਸਦੇ ਹੋ।
ਤੁਸਾਂ ਲੋਕਾਂ ਦਾ ਕੀ ਇਤਬਾਰ ਕਰੀਏ,
ਏਧਰ ਗਜਦੇ ਹੋ, ਓਧਰ ਵਸਦੇ ਹੋ।

ਹੁਣ ਤਾਂ ਦੂਰੋਂ ਹੀ ਬੰਦਗੀ ਕਰੇ 'ਤਾਰਾ',
ਬੜੀਆਂ ਅਗੇ ਹੀ ਠੋਕਰਾਂ ਖਾ ਬੈਠਾ।
ਤੁਸਾਂ ਸੋਹਣਿਆਂ ਤੋਂ ਡਾਢਾ ਬਾਜ਼ ਆਇਆ,
ਹਥੀਂ ਜਿਨ੍ਹਾਂ ਦੇ ਦਿਲ ਲੁਟਾ ਬੈਠਾ।

ਪੱਰ ਲਾ ਕੇ ਉਡ ਗਏ

ਖ਼ਾਲੀ ਹੋ ਗਏ ਦੁਨੀਆਂ ਵਿੱਚੋਂ,
ਪਿਆਰ ਭਰੇ ਉਹ ਖਜ਼ਾਨੇ।
ਅਪਣਾ ਅਪਣਾ ਆਖੋ ਜਿਨ੍ਹਾਂ ਨੂੰ,
ਉਹ ਹੁਣ ਬਣੇ ਬਗਾਨੇ।
ਜਿਨ੍ਹਾਂ ਨਾਲ ਕਮਾਈ ਨੇਕੀ,
ਓਨ੍ਹਾਂ ਬਦੀ ਕਮਾਈ;
'ਤਾਰਾ' ਜੀ ਪੱਰ ਲਾ ਕੇ ਉਡ ਗਏ,
ਮਿਹਰਾਂ-ਭਰੇ ਜ਼ਮਾਨੇ।

ਭਾਗ ਚੌਥਾ

ਸਿੱਖਿਆ, ਸੇਹਰੇ, ਅਸੀਸਾਂ

ਵਧਾਈ ਪੱਤਰ

ਜੀਤ ਇੰਦਰ ਸਿੰਘ ਜੀ ਦੇ ਜਨਮ ਸਮੇਂ ਸਰਦਾਰ ਬਹਾਦਰ
ਸਰਦਾਰ ਮੋਹਨ ਸਿੰਘ ਜੀ ਨੂੰ–ਮਰੀ (ਰਾਵਲਪਿੰਡੀ)
ਵਿਖੇ ੩—੮—੩੧

ਵਾਹ ! ਵਾਹ ! ਰੁੱਤ ਸੁਭਾਗ ਇਹ
ਸਾਵਣ ਦੀ ਆਈ।
ਮਿਹਰਾਂ ਵਾਲੇ ਸੁੱਖ ਝੜੀ
ਰਜ ਰਜ ਵਰਸਾਈ।
ਪਹਿਲੋਂ ਤੁੱਠੇ ਸਤਿਗੁਰੂ
ਦਿੱਤੀ ਵਡਿਆਈ।
ਰਾਜ ਭਾਗ ਸੁੱਖ ਬਖ਼ਸ਼ਿਆ,
ਹੋ ਆਪ ਸਹਾਈ।
ਦਾਤ ਕੰਵਰ ਦੀ ਬਖ਼ਸ਼ ਕੇ
ਅਜ ਵੇਲ ਵਧਾਈ।
ਬਰਕਤ ਬਖ਼ਸ਼ੀ ਰੱਬ ਨੇ
ਹੋਇ ਦੂਣ ਸਵਾਈ।
ਤੇਰੀ ਸ਼ਾਨ ਅਕਾਲ ਨੇ
ਚੌਣੀ ਚਮਕਾਈ।
ਹੋਇ ਮੇਰੇ ਸਰਦਾਰ ਜੀ
ਲਖ ਲਖ ਵਧਾਈ।

ਅਸੀਸ

ਮਿਹਰਾਂ ਵਾਲਿਆ ! ਮੇਰੇ ਸਰਦਾਰ ਜੀ ਦੀ,
ਹੱਦੋਂ ਵਧ ਕੇ ਨੇਕ ਸੰਤਾਨ ਹੋਵੇ।
ਇਸ ਦੇ ਜੱਸ ਦੀ ਖਿਲਰੇ ਜਗ ਸੋਭਾ,
ਗੁਣੀ ਸਤਜ-ਵਾਦੀ, ਦਇਆਵਾਨ ਹੋਵੇ।
ਮਾਤਾ ਪਿਤਾ ਨੂੰ ਦਿਉਤਿਆਂ ਵਾਂਙ ਜਾਣੇ,
ਪਾਪ ਵਿਚ ਨਾ ਕਦੀ ਗ਼ਲਤਾਨ ਹੋਵੇ।
ਕੁਲਦੀਪ, ਪਰਵਾਰ ਦਾ ਹੋਏ ਚਾਨਣ,
ਜਗ ਵਾਸਤੇ ਸੁੱਖਾਂ ਦੀ ਖਾਣ ਹੋਵੇ।

'ਪਿੰਡੀ ਦਾਸ' ਜੀ ਦਾ ਰਵ੍ਹੇ ਦਾਸ ਬਣ ਕੇ,
ਕਰਦਾ ਵੱਡਿਆਂ ਦਾ ਆਦਰ ਮਾਨ ਹੋਵੇ।
ਸੁੰਦਰ ਫੁੱਲ ਪਰਵਾਰ ਵਿਚ 'ਸੋਹਣ' ਵਾਲਾ,
ਅਪਣੀ ਕੁਲ ਦਾ ਨੂਰੀ ਨਸ਼ਾਨ ਹੋਵੇ।
ਪੂਜੇ 'ਪਾਰਬਤੀ' ਜੀ ਦੇ ਚਰਨ ਹਰ ਦਮ,
ਸੇਵਕ 'ਨਾਨਕੀ' (ਜੀ) ਦਾ ਨਿਰਅਭਮਾਨ ਹੋਵੇ।
ਹਰ ਕਿਸੇ ਦੇ ਮਨਾਂ ਨੂੰ 'ਮੋਹਣ' ਵਾਲੀ,
ਇਸ ਦੀ ਕੋਇਲ ਤੋਂ ਮਿੱਠੀ ਜ਼ਬਾਨ ਹੋਵੇ।

ਵਡਾ ਹੋ ਕੇ ਵਡਿਆਂ ਦੀ 'ਲਾਜ' ਰਖੇ,
ਪੱਕਾ 'ਬਚਨ' ਦਾ ਪਰਬਤ ਸਮਾਨ ਹੋਵੇ।

'ਤੇਜ਼ ਏਸ ਦਾ ਇੰਦਰ' ਸਮਾਨ ਹੋਵੇ,
ਚਮਕੇ ਜਿਸ ਤਰ੍ਹਾਂ ਚਮਕਦਾ ਭਾਨ ਹੋਵੇ।
ਧਰਮੀ 'ਬਿਕਰਮਾਜੀਤ' ਦੇ ਵਾਂਗ ਹੋਵੇ,
'ਹਰੀ ਚੰਦ' ਵਾਂਗੂੰ ਕਰਦਾ ਦਾਨ ਹੋਵੇ।
ਰੁਤਬਾ ਏਸ ਦਾ ਵਧੇ ਸੰਸਾਰ ਅੰਦਰ,
ਦਰਦੀ ਦੁਖੀਆਂ ਦਾ ਮਿਹਰਬਾਨ ਹੋਵੇ।

ਸੂਰਾ ਸ਼ੇਰਿ-ਪੰਜਾਬ 'ਰਣਜੀਤ' ਵਰਗਾ,
ਉੱਚੀ ਜੱਗ ਵਿਚ ਰੱਖਦਾ ਸ਼ਾਨ ਹੋਵੇ।
ਚਲ ਕੇ ਪਿਤਾ ਪਿਤਾਮਾਂ ਦੇ ਕਦਮ ਉੱਤੇ,
ਕਦਮ ਕਦਮ ਤੇ ਪਾਂਵਦਾ ਮਾਨ ਹੋਵੇ।
ਹੋਵੇ ਨਾਨਕ ਪਿਆਰੇ ਦਾ ਸਿਖ ਸਚਾ,
ਸਿਖੀ ਇਸ ਦਾ ਧਰਮ ਈਮਾਨ ਹੋਵੇ।
ਦਰਦੀ ਧਰਮੀਆਂ ਦਾ, ਸੰਗੀ ਸਚਿਆਂ ਦਾ,
ਦੀਨਾਂ ਦੁਖੀਆਂ ਦਾ ਨਿਗਾਹਬਾਨ ਹੋਵੇ।

ਰਸੀਆ ਨਾਮ ਦਾ, ਰੱਬ ਦਾ ਭਗਤ ਹੋਵੇ,
ਹੋਵੇ ਸੂਰਮਾ ਬਾਹੂ ਬਲਵਾਨ ਹੋਵੇ।
ਸੇਵਕ ਪੰਥ ਦਾ, ਦੇਸ਼ ਦਾ ਹੋਏ ਦਰਦੀ,
ਧਰਮੀ ਗੁਣੀ ਤੇ ਉੱਚ ਵਿਦਵਾਨ ਹੋਵੇ।
ਆਪ ਸਾਰਿਆਂ ਗੁਣਾਂ ਦਾ ਹੋਏ ਪੂਰਾ,
ਗੁਣਾਂ ਵਾਲਿਆਂ ਦਾ ਕਦਰਦਾਨ ਹੋਵੇ।
ਲਖਾਂ ਵਰ੍ਹੇ ਇਹ ਜੀਊਂਦਾ ਰਵ੍ਹੇ, ਸਤਿਗੁਰ,
ਰਾਜ ਮਾਣਦਾ ਵਿਚ ਜਹਾਨ ਹੋਵੇ।

ਬਣ ਕੇ ਵਿਦਿਆ ਦਾ ਸੂਰਜ, ਚੰਨ, 'ਤਾਰਾ',
ਚੜ੍ਹ ਕੇ ਚਮਕਦਾ ਵਿਚ ਅਸਮਾਨ ਹੋਵੇ ।
ਦਿਲੀ ਖ਼ੁਸ਼ੀ ਦੇ ਭੇਟਾ ਇਹ ਚਾਰ ਅੱਖਰ,
ਧੰਨ ਭਾਗ ਜੇ ਕਦੀ ਪਰਵਾਨ ਹੋਵੇ ।

ਅਮੋਲਕ ਫੁੱਲਾਂ ਦਾ ਹਾਰ

ਸਰਦਾਰ ਹਰਬਖ਼ਸ਼ ਸਿੰਘ ਚਢਾ ਨੂੰ ਨੜ੍ਹਾਲੀ (ਰਾਵਲਪਿੰਡੀ)
ਵਿਖ ੧੫—੬—੩੧

ਸਿਕ ਸਿਕ ਸਿੱਕਾਂ ਭੈਣਾਂ, ਸੱਧਰਾਂ ਮੁਰਾਦਾਂ ਨਾਲ,
ਵੀਰਾਂ ਦੇ ਬਣਾਣ ਸੇਹਰੇ ਚਾਵਾਂ ਤੇ ਮਲ੍ਹਾਰਾਂ ਨਾਲ।
ਇਕ ਇਕ ਲੜੀ 'ਚ ਪ੍ਰੋਂਦੀਆਂ ਨੇ ਫੁੱਲ ਲਖਾਂ,
ਖ਼ੂਬ ਲਿਸ਼ਕਾਂਦੀਆਂ ਨੇ ਲਾਲਾਂ ਤੇ ਜਵਾਹਰਾਂ ਨਾਲ।
ਹੱਦੋਂ ਵੱਧ ਸੋਹਣਾ ਸੇਹਰਾ ਸੋਹਣੇ ਸੋਹਣੇ ਵੀਰਾਂ ਲਈ,
ਗੁੰਦ ਕੇ ਬਣਾਂਦੀਆਂ ਨੇ ਤਿੱਲੇ ਦੀਆਂ ਤਾਰਾਂ ਨਾਲ।
ਡਾਢੀ ਖ਼ੁਸ਼ੀ ਨਾਲ, ਸੀਸ ਵੀਰਾਂ ਦੇ ਸਜਾਂਦੀਆਂ ਨੇ,
ਖ਼ੁਸ਼ੀ ਨੂੰ ਵੰਡਾਂਦੀਆਂ ਨੇ ਲਾਡਾਂ ਤੇ ਪਿਆਰਾਂ ਨਾਲ।

ਮੈਂ ਵੀ, ਪਿਆਰ ਨਾਲ ਕਜ ਦੇਸਾਂ, ਹੁਣੇ ਵੇਖੀਂ,
ਵੀਰਾ ਤੇਰਾ ਸੀਸ ਸੋਹਣੇ ਫੁੱਲਾਂ ਦਿਆਂ ਹਾਰਾਂ ਨਾਲ।
ਮਹਿਕ ਨਾਲ ਮਹਿਕਸੀ ਫੁੱਲਾਂ ਦੀ ਪਰਵਾਰ ਸਾਰਾ,
ਜਾਣੂੰ ਮੈਂ ਕਰਾਸਾਂ ਤੈਨੂੰ ਡੂੰਘੀਆਂ ਵਿਚਾਰਾਂ ਨਾਲ।
ਕਲਜੁਗ ਵਿਚ ਸਤਿਜੁਗ ਵਰਤਾਵੇਂ ਜੀਵੇਂ,
ਜੀਵਨ ਬਤੀਤ ਕਰੇਂ ਮੌਜਾਂ ਤੇ ਬਹਾਰਾਂ ਨਾਲ।
ਸਾਰਿਆਂ ਤੋਂ ਵੱਡੀ ਗੱਲ, ਆਖੀ ਜੋ ਸਿਆਣਿਆਂ ਨੇ,
ਮਿੱਠਾ ਮਿੱਠਾ ਬੋਲੀਂ ਵੀਰ ਸਾਰੇ ਸਾਕੇਦਾਰਾਂ ਨਾਲ।

ਉਚਾ ਤੇ ਨਿਵਾਣਾਂ ਵਾਲੀ, ਮੰਜ਼ਲ ਗ੍ਰਹਿਸਤ ਵਾਲੀ,
ਕੱਟਣੀ ਮੁਹਾਲ ਇਨ੍ਹਾਂ ਮੋਟਰਾਂ ਤੇ ਕਾਰਾਂ ਨਾਲ ।
ਝੁਕ ਝੁਕ ਚਲਣਾ ਤੇ ਰੁਕ ਰੁਕ ਬੋਲਣਾ ਹੀ,
ਠੋਕਰ ਨਾ ਲੱਗੇ ਮਤਾਂ ਵਿਸ਼ਿਆਂ ਵਿਕਾਰਾਂ ਨਾਲ ।
ਗੰਢ ਖੀਸਾ ਗੁਣਾਂ ਵਾਲਾ ਰੱਖੀਂ ਤੂੰ ਸੰਭਾਲ ਕੇ ਤੇ,
ਘਿਰਿਆ ਈ ਰਾਹ ਤੇਰਾ ਚੋਰਾਂ ਤੇ ਚਕਾਰਾਂ ਨਾਲ ।
ਕਾਮ ਤੇ ਕ੍ਰੋਧ ਪੰਧ ਲੁਕ ਲੁਕ ਵੇਖਦੇ ਨੀ,
ਲੋਭ ਅਤੇ ਮੋਹ ਕਿਤੇ ਬੈਠੇ ਹੰਕਾਰਾਂ ਨਾਲ ।

ਅੱਖਾਂ ਖੋਲ੍ਹ ਚੰਗੀ ਤਰ੍ਹਾਂ ਚਾਰੇ ਬੰਨੇ ਵੇਖਣਾ ਹੀ,
ਬੈਠ ਨਾ ਤੂੰ ਜਾਈਂ ਕਿਤੇ ਥੱਕੇ ਹੋਏ ਯਾਰਾਂ ਨਾਲ ।
ਡੱਟ ਕੇ ਤੇ ਟਾਕਰਾ ਦ੍ਰਿੜ੍ਹਤਾ ਦੇ ਨਾਲ ਕਰੀਂ,
ਧਰਮ ਸਚਾਈ ਦਿਆਂ ਤੀਰਾਂ ਤਲਵਾਰਾਂ ਨਾਲ ।
ਜਿਤੇਂਗਾ ਜੇ ਇਨ੍ਹਾਂ ਨੂੰ ਤੂੰ, ਸਾਰਾ ਸੰਸਾਰ ਵੀਰਾ,
ਨਿੰਵ ਨਿੰਵ ਪੈਰੀਂ ਤੇਰੀਂ ਪੈਸੀ ਸਤਿਕਾਰਾਂ ਨਾਲ ।
ਸੰਗੀ ਤੇਰੇ ਨਾਲ ਅਜ ਜੋੜਿਆ ਏ ਰੱਬ ਜੇਹੜਾ,
ਲੋਹੇ ਨਾਲੋਂ ਪਕੀਆਂ ਪ੍ਰੇਮ ਦੀਆਂ ਤਾਰਾਂ ਨਾਲ ।

ਅਧਾ ਅੰਗ ਆਪਣਾ ਤੂੰ ਜਾਣੀਂ ਇਹਨੂੰ ਵੀਰ ਪਿਆਰੇ,
ਇਕੋ ਜੋਤ ਹੋਵਣਾ ਪ੍ਰੇਮ ਝਲਕਾਰਾਂ ਨਾਲ ।
ਰਾਜਾ ਬਣ ਆਪ 'ਬਲਵੰਤ' ਨੂੰ ਵਜ਼ੀਰ ਜਾਣ,
ਮਿਲ ਜੁਲ ਰਾਜ ਕਰੋ ਨੇਕੀ ਦੀਆਂ ਕਾਰਾਂ ਨਾਲ ।
ਉੱਚ ਬੁਧ ਨਾਲ ਰਾਮ ਕਰ ਲੈਣਾ ਦਿਲਾਂ ਤਾਈਂ,
ਦਿਲ ਨਾ ਦੁਖਾਣਾ ਕੋਈ ਬੋਲੀਆਂ ਦੀ ਮਾਰਾਂ ਨਾਲ ।

ਭੈਣਾਂ ਤੇ ਭਰਾਵਾਂ ਤਾਈਂ ਵੀਰ ਨਾ ਵਿਸਾਰ ਦੇਵੀਂ,
ਸਾਂਝਾ ਤੂੰ ਪ੍ਰੇਮ ਰਖੀਂ ਦੋਹਾਂ ਪਰਵਾਰਾਂ ਨਾਲ।

ਕਢੀ ਹੋਈ ਗਲ ਮੂੰਹੋਂ ਪੂਰੀ ਕਰ ਦਸਣੀ ਊਂ,
ਪਤ ਉਡ ਜਾਂਵਦੀ ਏ ਝੂਠੇ ਇਕਰਾਰਾਂ ਨਾਲ।
ਲਾਜ ਰਖੀਂ ਵਡਿਆਂ ਦੀ ਬਣ ਕੇ ਨਮੂਨਾ ਚੰਗਾ,
ਰਖੀਂ ਤੂੰ ਪ੍ਰੀਤ ਸਦਾ ਸਚੇ ਸਚਿਆਰਾਂ ਨਾਲ।
ਸੰਤਾਂ ਮਹਾਤਮਾਂ ਦੀ ਸੰਗਤ ਕਮਾਵੀਂ ਨਿਤ,
ਨਿਹੁੰ ਨਾ ਲਗਾਵੀਂ ਵੀਰਾ ਬੁਰੇ ਬੁਰਿਆਰਾਂ ਨਾਲ।
ਸਚੇ ਰਾਹ ਚਲ ਕੇ ਤੇ ਖੱਟੀਂ ਸੰਸਾਰ ਸੋਭਾ,
ਮਿਲਦੀ ਵਡਾਈ ਨਹੀਂ ਫੋਕੇ ਵਡਿਆਰਾਂ ਨਾਲ।

ਕੌਮ ਅਤੇ ਦੇਸ਼ ਦਾ ਪਿਆਰ ਵੀ ਭੁਲਾਵਣਾ ਨਾ,
ਹੰਸ ਸੋਭਾ ਪਾਂਵਦੇ ਨੀ ਹੰਸਾਂ ਦੀਆਂ ਡਾਰਾਂ ਨਾਲ।
ਭਾਵੇਂ ਘਰੋਂ ਦੂਰ ਹੋਵੇਂ, ਦਿਲ ਸਦਾ ਲਾਈ ਰਖੀਂ,
ਦੇਸ਼ ਦੀਆਂ ਗਲੀਆਂ ਤੇ ਦੇਸ਼ ਦੇ ਬਜ਼ਾਰਾਂ ਨਾਲ।
ਕਿਸੇ ਗਲੋਂ ਮਨ ਤੇਰਾ, ਹੋਵੇ ਜੇ ਨਿਰਾਸ ਕਦੀ,
ਸ਼ਾਂਤ ਇਹਨੂੰ ਕਰੀਂ ਗੁਰੂ ਬਾਣੀ ਦੀਆਂ ਵਾਰਾਂ ਨਾਲ।
ਨੇਕੀ ਦੀ ਕਮਾਈ ਕਰੀਂ, ਨੇਕੀ ਵਾਲੇ ਪਾਸੇ ਲਾਵੀਂ,
ਨੇਕ ਨਾਮ ਖੱਟੀਂ ਸਦਾ ਪਰਉਪਕਾਰਾਂ ਨਾਲ।

ਤ੍ਰੀਹਾਂ ਲੜਾਂ ਵਾਲਾ 'ਤਾਰੋ' ਕੀਤਾ ਹੈ ਤਿਆਰ ਹਾਰ,
ਭੇਟਾ 'ਹਰਬਖ਼ਸ਼' ਜੀ ਦੀ ਖ਼ੁਸ਼ੀਆਂ ਹਜ਼ਾਰਾਂ ਨਾਲ।
ਗਲ ਵਿਚ ਪਹਿਨ, ਚਿਰ ਜੀਵੇ ਇਹ ਸੁਭਾਗ ਜੋੜੀ,
ਖ਼ੁਸ਼ੀ ਖੁਸ਼ੀ ਵਸੇ ਰਸੇ ਘਰ 'ਸਰਦਾਰਾਂ' ਨਾਲ।

ਮਨੋਹਰ ਸੇਹਰਾ

ਸਰਦਾਰ ਮਨੋਹਰ ਸਿੰਘ ਜੀ ਕੋਹਲੀ ਨੂੰ ਗੁਜਰਖ਼ਾਨ ਵਿਖੇ
ਕਤਕ ਪੂਰਨਮਾਸ਼ੀ, ੨ ਮਘਰ ੧੯੯੫

ਆਹਾ, ਸੋਹਣਾ ਸੁਭਾਗ ਏਹ ਦਿਨ ਚੜ੍ਹਿਆ,
ਖ਼ੁਸ਼ੀ ਨਾਲ ਏ ਬਾਗ਼ ਪਰਵਾਰ ਖਿੜਿਆ ।
ਕਿਧਰੇ ਨਾਉਂ ਉਦਾਸੀ ਦਾ ਦਿਸਦਾ ਨਹੀਂ,
ਸਮਾਂ ਆਪਣਾ ਜੋਬਨ ਨਿਖਾਰ ਖਿੜਿਆ ।
ਸਾਰੇ ਦਿਲਾਂ ਵਿਚ ਪਤਾ ਨਹੀਂ ਗਲ ਕੀ ਏ,
ਕੋਈ ਨਵਾਂ ਹੀ ਪ੍ਰੇਮ ਪਿਆਰ ਖਿੜਿਆ ।
ਗੁਰੂ ਨਾਨਕ ਪਿਆਰੇ ਦੇ ਪੁਰਬ ਕਰ ਕੇ,
ਬੱਚਾ ਬੱਚਾ ਹੈ ਵਿਚ ਸੰਸਾਰ ਖਿੜਿਆ ।

ਅਜ ਸਗਣ ਪਿਆਰੇ ਨੂੰ ਵੇਖ ਲਗਦਾ,
ਲਿਆ ਫੁੱਲਾਂ ਦਾ ਮੈਂ ਭੀ ਬਣਾ ਸੇਹਰਾ ।
ਗੁਰੂ ਚਰਨਾਂ ਦੇ ਨਾਲ ਛੁਹਾ ਕੇ ਤੇ,
ਦਿਤਾ ਵੀਰ ਦੇ ਸਿਰ ਸੱਜਾ ਸੇਹਰਾ ।

ਸੇਹਰਾ ਨਹੀਂ ਉਤਾਰਨਾ ਵੀਰ ਜੀਓ,
ਏਸ ਸੇਹਰੇ ਨੂੰ ਬੜਾ ਸੰਭਾਲ ਰਖੀਂ ।
ਜੇਕਰ ਨਾਨਕ ਪਿਆਰੇ ਦਾ ਸਿਖ ਹੈਂ ਵੇ,
ਪ੍ਰੀਤ ਸਤਿਗੁਰ ਦੇ ਚਰਨਾਂ ਦੇ ਨਾਲ ਰਖੀਂ ।

ਉੱਚੀ ਸਾਰੀਆਂ ਦਾਤਾਂ 'ਚੋਂ ਦਾਤ ਸਿਖੀ,
ਨਾਲ ਕੇਸਾਂ ਸਵਾਸਾਂ ਦੇ ਪਾਲ ਰਖੀਂ।
ਗ੍ਰਹਿਸਤ ਧਰਮ ਦੀ ਸੜਕ ਏ ਬੜੀ ਟੇਢੀ,
ਕਿਧਰੇ ਥਿੜਕ ਨਾ ਜਾਈਂ, ਖ਼ਿਆਲ ਰਖੀਂ।

ਸਚ ਮੁਚ ਜੇ ਸੇਹਰੇ ਨੂੰ ਬੰਨ੍ਹਣਾ ਈਂ,
ਸਮਝੀਂ ਸੇਹਰੇ ਨੂੰ ਖੇਡ ਨਾ ਬਚਿਆਂ ਦੀ।
ਜ਼ਿਮੇਵਾਰੀਆਂ ਇਸ ਦੀਆਂ ਵੇਖ ਕੇ ਤੇ,
ਭੌਂਦੀ ਅਕਲ ਖਿਡਾਰੀਆਂ ਕਚਿਆਂ ਦੀ।

ਪਿਆਰੇ ਵੀਰ ਜੀ ਤੁਸਾਂ ਨੂੰ ਗ੍ਰਹਿਸਤ ਅੰਦਰ,
ਸਹਿਣੇ ਪੈਣਗੇ ਕਈ ਸੰਸਾਰ ਦੇ ਦੁਖ।
ਕਦੀ ਕਾਰ ਵਿਹਾਰ ਰੁਜ਼ਗਾਰ ਦੇ ਦੁਖ,
ਹੋਸਣ ਹੋਰ ਵੀ ਕਈ ਪ੍ਰਕਾਰ ਦੇ ਦੁਖ।
ਦੂਰ ਘਰਾਂ ਤੋਂ ਜਾ ਕੇ ਕਈ ਵੇਰੀ,
ਪੈਸਣ ਝਲਣੇ ਪ੍ਰੇਮ ਪਿਆਰ ਦੇ ਦੁਖ।
ਵੱਡੀ ਗੱਲ, ਕਿ ਤੇਰੇ ਹੀ ਸਿਰ ਉੱਤੇ,
ਆ ਕੇ ਚੜ੍ਹਨਗੇ ਸਭ ਪਰਵਾਰ ਦੇ ਦੁਖ।

ਐਪਰ ਮੱਥੇ ਤੇ ਵੱਟ ਨਾ ਪਾਈਂ ਵੀਰਾ,
ਰਖੀਂ ਹੌਸਲਾ ਰਵ੍ਹੀਂ ਦਲੇਰ ਹੋ ਕੇ।
ਇਨ੍ਹਾਂ ਦੁਖਾਂ ਦੀ ਨਾ ਪ੍ਰਵਾਹ ਸਮਝੀਂ,
ਕਰੀਂ ਸਾਮ੍ਹਣਾ ਇਨ੍ਹਾਂ ਦਾ ਸ਼ੇਰ ਹੋ ਕੇ।

ਬੇੜੀ ਸਮਝ ਗ੍ਰਹਿਸਤ ਨੂੰ ਵੀਰ ਜੀਓ,
ਅਪਣੇ ਆਪ ਨੂੰ ਇਸ ਦਾ ਮਲਾਹ ਸਮਝੀਂ।

ਚੱਪੇ ਲਾ ਸਚਾਈ ਦੇ ਪਾਰ ਲਾਵੀਂ,
ਦੁਨੀਆਂ ਨਦੀ ਏ ਡੂੰਘੀ, ਅਥਾਹ ਸਮਝੀਂ।
ਅਪਣੀ ਇਸਤ੍ਰੀ ਤਾਈਂ ਵਜ਼ੀਰ ਸਮਝੀਂ,
ਅਪਣੇ ਆਪ ਤਾਈਂ ਪਾਤਸ਼ਾਹ ਸਮਝੀਂ।
ਹਰ ਇਕ ਗ੍ਰਿਹਸਤ ਦੇ ਮਾਮਲੇ ਵਿਚ,
ਲੈਣੀ ਏਸ ਦੀ ਵਾਜਬ ਸਲਾਹ ਸਮਝੀਂ।

ਰਖੀਂ ਏਸ ਦੇ ਨਾਲ ਪ੍ਰੇਮ, ਐਪਰ,
ਮਾਤਾ ਪਿਤਾ ਦੇ ਪਿਆਰ ਨੂੰ ਭੁੱਲਣਾ ਨਾ।
ਧੰਦੇ ਗ੍ਰਿਹਸਤ ਦੇ ਫੰਧੇ 'ਚ ਫਸ ਕੇ ਤੇ,
ਸਿਰਜਨਹਾਰ ਕਰਤਾਰ ਨੂੰ ਭੁਲਣਾ ਨਾ।

ਮਿੱਠਾ ਬੋਲਣਾ ਨਿਉਣਾ ਨਿਰਮਾਣ ਹੋ ਕੇ,
ਰਵ੍ਹੀਂ ਆਕੜ ਹੰਕਾਰ ਥੀਂ ਦੂਰ ਵੀਰਾ।
ਮਾਤਾ ਪਿਤਾ ਦੀ ਸੇਵਾ ਹਮੇਸ਼ ਕਰ ਕੇ,
ਲਵੀਂ ਸੇਵਾ ਦਾ ਮੇਵਾ ਜ਼ਰੂਰ ਵੀਰਾ।
ਭੈੜੇ ਵਿਸ਼ੇ ਵਿਕਾਰਾਂ ਨੂੰ ਮਾਰ ਠੁੱਡੇ,
ਕਰੀਂ ਏਨ੍ਹਾਂ ਨੂੰ ਚਕਨਾ-ਚੂਰ ਵੀਰਾ।
ਸੇਹਰਾ ਲਿਖਿਆ ਨਾਲ ਪ੍ਰੇਮ ਜਿਹੜਾ,
ਕਰੀਂ ਤੋਹਫ਼ਾ ਇਹ ਤੁਛ ਮਨਜ਼ੂਰ ਵੀਰਾ।

ਮੋਤੀ ਸਿਖਿਆ ਵਾਲੇ ਪ੍ਰੋ ਕੇ ਤੇ,
ਸੁਹਣਾ ਗੁੰਦਿਆ ਨਵਾਂ ਨਕੋਰ ਸੇਹਰਾ।
ਇਹ ਤਾਂ ਚਮਕਦਾ ਵੱਧ ਹੈ 'ਤਾਰਿਆਂ' ਤੋਂ,
ਮਿਰਾ, ਪਿਆਰਾ ਤੇ ਸੋਹਣਾ 'ਮਨੋਹਰ' ਸੇਹਰਾ।

ਮਾਨ-ਪੱਤਰ

ਥੋਹਾ ਖ਼ਾਲਸਾ (ਰਾਵਲਪਿੰਡੀ) ਦੇ ਸਕੂਲ ਦੀ ਬੁਨਿਆਦ ਰਖਣ
ਸਮੇਂ ਸਰਦਾਰ ਬਿਕਰਮ ਸਿੰਘ ਜੀ ਨੂੰ ੧-੩-੩੧

ਲੋਕੀ ਕਹਿਣ ਬੁਨਿਆਦ ਦਾ ਪੱਥਰ ਹੈ ਇਹ,
ਮੈਂ ਤਾਂ ਆਖਾਂਗਾ ਨੂਰੀ ਚਿਟਾਨ ਹੈ ਇਹ।
ਸਾਡੇ ਬਚਿਆਂ ਨੂੰ ਚਾਨਣ ਦੇਣ ਵਾਲਾ,
ਬਿਕਰਮ ਸਿੰਘ ਦਾ ਬਿਕਰਮ ਨਿਸ਼ਾਨ ਹੈ ਇਹ।
ਜੁਗਾਂ ਤੀਕ ਇਹ ਸਾਡਿਆਂ ਸਿਰਾਂ ਉਤੇ
ਮਿਹਰਬਾਨ ਅਫ਼ਸਰ ਦਾ ਅਹਿਸਾਨ ਹੈ ਇਹ;
ਚਮਕਾਂ ਮਾਰਦਾ ਚੰਨ ਸਮਾਨ ਪੱਥਰ,
ਚੌਣੀ ਸਾਡੇ ਸਕੂਲ ਦੀ ਸ਼ਾਨ ਹੈ ਇਹ।

ਰਖਣ ਵਾਲਿਆ, ਧੰਨ ਨੇ ਹਥ ਤੇਰੇ,
ਨੇਕ-ਕੰਧ ਦੀ ਜਿਸ ਬੁਨਿਆਦ ਰੱਖੀ।
ਹਥ ਮਲ ਪਛਤਾਣਗੇ ਲੋਕ ਮੂਰਖ,
ਜਿਨ੍ਹਾਂ ਨੇਕੀ ਇਹ ਤੇਰੀ ਨ ਯਾਦ ਰੱਖੀ।

ਆਏ ਜਦ ਤੋਂ ਤੁਸੀਂ ਹੋ ਜ਼ਿਲੇ ਅੰਦਰ,
ਆਸਾਂ ਨਾਲ ਸਨ ਦਿਲ ਭਰਪੂਰ ਹੋ ਗਏ।
ਵਿਦਿਆ ਲਾਜ਼ਮੀ ਤੁਸਾਂ ਕਰਾਈ ਆ ਕੇ,
ਲੋਕੀ ਪੜ੍ਹ ਪੜ੍ਹ ਕੇ ਨੂਰ ਨੂਰ ਹੋ ਗਏ।

ਤੇਰੀ ਕੋਸ਼ਿਸ਼ ਮੁਬਾਰਕ ਦੇ ਨਾਲ ਲਖਾਂ,
ਪਿੰਡਾਂ ਵਿਚ ਸਕੂਲ ਮਨਜ਼ੂਰ ਹੋ ਗਏ।
ਤੇਰੇ ਪਰਉਪਕਾਰ ਦੇ ਕਾਰਨਾਮੇ,
ਥੋੜੇ ਸਮੇਂ ਦੇ ਵਿਚ ਮਸ਼ਹੂਰ ਹੋ ਗਏ।

ਜਗ੍ਹਾ ਜਗ੍ਹਾ ਇਹੋ ਚਰਚਾ ਹੋਣ ਲਗ ਪਈ,
ਸਾਡੇ ਜ਼ਿਲੇ ਦਾ ਹੈ ਵਿਦਵਾਨ ਹਾਕਮ।
ਅਜੇ ਤੀਕ ਨ ਅਸਾਂ ਨੇ ਵੇਖਿਆ ਸੀ,
ਬਿਕਰਮ ਸਿੰਘ ਵਰਗਾ ਮਿਹਰਬਾਨ ਹਾਕਮ।

ਸਾਡੇ ਪਿੰਡ ਦੇ ਵਿਦਿਆ ਦੇ ਬਾਗ਼ ਸੁਕੇ,
ਅਜ ਤੁਸਾਂ ਦੀ ਆਮਦ ਤੇ ਹਰੇ ਹੋ ਗਏ।
ਸੁਕੇ ਸਦੀਆਂ ਤੋਂ ਸਾਡੇ ਨਸੀਬ ਖੋਟੇ,
ਤੇਰੀ ਮਿਹਰਬਾਨੀ ਨਾਲ ਖਰੇ ਹੋ ਗਏ।
ਹੈਸਨ ਵਿਦਿਆ ਦੇ ਜਿਹੜੇ ਖ਼ਜ਼ਾਨੇ ਖ਼ਾਲੀ,
ਓਹ ਭੀ ਤੇਰੇ ਤੁਫ਼ੈਲ ਅਜ ਭਰੇ ਹੋ ਗਏ।
ਮਾਨੋਂ ਚੰਨ ਤਹਿਜ਼ੀਬ ਦਾ ਚੜ੍ਹਨ ਉੱਤੇ,
ਭੈੜੇ ਭੂਤ ਜਹਾਲਤ ਦੇ ਪਰੇ ਹੋ ਗਏ।

ਤੇਰੇ ਹੱਥ ਨੇ ਪਾਰਸ ਸਮਾਨ ਸੋਹਣੇ,
ਪੱਥਰ ਛੋਂਹਦਿਆਂ ਸੋਨੇ ਦੀ ਪੜੀ ਹੋ ਗਈ।
ਬੈਠੀ ਕਿਸਮਤ ਸਕੂਲ ਦੀ ਖੜੀ ਹੋ ਗਈ,
ਕੱੜੀ ਕੱੜੀ ਸੱਕੂਲ ਦੀ ਕੜੀ ਹੋ ਗਈ।

ਵਾਹ ਸਰਦਾਰ ਜੀ ਤੁਸਾਂ ਦੀ ਵਾਹ ਕਰਨੀ,
ਵਾਹ ਵਾਹ ਆਖਦੀ ਹਰ ਇਕ ਜ਼ਬਾਨ ਤੈਨੂੰ।
ਤੇਰਾ ਸਾਰਿਆਂ ਨਾਲ ਸਲੂਕ ਸੋਹਣਾ,
ਕੀ ਹਿੰਦੂ ਤੇ ਕੀ ਮੁਸਲਮਾਨ ਤੈਨੂੰ।
ਡਿੱਠਾ ਨਹੀਂ ਨਿਰਪੱਖ ਜਨਾਬ ਜੈਸਾ,
ਇਹੋ ਆਖਦੇ ਨੇ ਕਦਰਦਾਨ ਤੈਨੂੰ।
ਤੂੰ ਹੈਂ ਹਾਕਮਾਂ 'ਚੋਂ ਮਿਹਰਬਾਨ ਹਾਕਮ,
ਮੈਂ ਤਾਂ ਕਵ੍ਹਾਂਗਾ ਨੇਕ ਇਨਸਾਨ ਤੈਨੂੰ।

ਕਰੇ ਰੱਬ ਬੁਲੰਦ ਇਕਬਾਲ ਤੇਰਾ,
ਰੌਸ਼ਨ ਜੱਗ ਤੇ 'ਬਿਕਰਮ' ਸਮਾਨ ਹੋਵੇਂ।
ਬਣ ਕੇ ਵਿੱਦਿਆ ਦਾ ਸੂਰਜ ਚੰਨ 'ਤਾਰਾ'
ਚੜ੍ਹ ਕੇ ਚਮਕਦਾ ਵਿਚ ਅਸਮਾਨ ਹੋਵੇਂ।

ਵੀਰਾਂ ਦਾ ਵਿਛੋੜਾ

ਜੇ. ਸੀ. ਆਰ. ਨਾਭਾ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਜਾ ਰਹੇ ਵੀਰਾਂ ਦੀ ਸੇਵਾ ਵਿਚ ਫ਼ਸਟ ਤੇ ਥਰਡ ਈਅਰ ਦੇ ਵਿਦਿਆਰਥੀਆਂ ਵਲੋਂ ੧੬-੩-੨੯ ਨੂੰ ਪੇਸ਼ ਕੀਤਾ ਗਿਆ

ਸਾਡੇ ਮਹਿਕਦੇ ਬਾਗ਼ ਦੇ ਪੰਛੀਓ ਵੇ,
ਅਜ ਕਿਧਰ ਉਡਾਰੀਆਂ ਲਾਣ ਲੱਗੇ ?
ਪਏ ਰੰਗ ਵਿਛੋੜੇ ਦੇ ਦਿਸਦੇ ਨੇ,
ਸੋਹਣੇ ਮੁੱਖੜੇ ਅਜ ਛੁਪਾਣ ਲੱਗੇ।
ਆਈ ਸਮਝ ਕਿ ਚਲੇ ਪ੍ਰੀਖਿਆ ਨੂੰ,
ਚਿਰਾਂ ਲਈ ਵਿਛੋੜੇ ਹੋ ਪਾਣ ਲੱਗੇ।
ਸੁਣਨਾ ਸਾਡੜੀ ਨਿੱਕੀ ਜਹੀ ਬੇਨਤੀ ਨੂੰ,
ਪਿਛੋਂ ਚਲੇ ਜਾਣਾ ਜਿੱਧਰ ਜਾਣ ਲੱਗੇ।

ਪਿਛਲੇ ਹਾਸੇ ਮਖੌਲਾਂ ਨੂੰ ਮਾਫ਼ ਕਰ ਕੇ,
ਪਕੀ ਪ੍ਰੇਮ ਦੀ ਗੰਢ ਕੋਈ ਪਾ ਜਾਵੇ।
ਅਸੀਂ ਏਸੇ ਵਿਛੋੜੇ ਨੂੰ ਮੇਲ ਸਮਝਾਂ,
ਜੇਕਰ ਦਿਲੋਂ ਨਾ ਤੁਸੀਂ ਭੁਲਾ ਜਾਵੋ।

ਸਾਨੂੰ ਪਤਾ ਨਾ ਤੁਸਾਂ ਦੇ ਅੰਦਰੇ ਦਾ,
ਅਸੀਂ ਤੁਹਾਡੇ ਪਿਆਰ ਨੂੰ ਭੁਲਸਾਂ ਨਾ।

ਯਾਦ ਰਖਸਾਂ 'ਭਗਤ' 'ਹਰਪਾਲ' ਤਾਈਂ,
'ਸੀਤਾ ਰਾਮ', 'ਕਰਤਾਰ' ਨੂੰ ਭੁਲਸਾਂ ਨਾ।
ਜਪ 'ਇੰਦਰ', 'ਗਜਿੰਦਰ', ਦਾ ਜਪਸਾਂਗੇ,
'ਪ੍ਰੀਤਮ, 'ਕਿਸ਼ਨ' 'ਅਵਤਾਰ' ਨੂੰ ਭੁਲਸਾਂ ਨਾ।
'ਮਨ ਮੋਹਨ', 'ਗੁਰਚਰਨ', 'ਬਲਵੰਤ' ਪਿਆਰੇ,
'ਹਾਕਮ ਸਿੰਘ' ਸਰਦਾਰ ਨੂੰ ਭੁਲਸਾਂ ਨਾ।

ਦਿਲ ਤੇ ਨਾਮ 'ਹਰਨਾਮ' ਦਾ ਲਿਖ ਲੈਸਾਂ,
ਕਦੀ ਭੁਲਸੀ ਨਾ 'ਹਰਬੰਤ' ਸਾਨੂੰ।
ਯਾਦ ਸੋਹਣਾ 'ਬਸੰਤ' ਜਾਂ ਆਵਸੀ ਗਾ,
ਭੁਲ ਜਾਏਗੀ ਰੁਤ ਬਸੰਤ ਸਾਨੂੰ।

ਜੋਧੇ 'ਬਿਕ੍ਰਮ' 'ਉਜਾਗਰ' 'ਹਰਭਜਨ' ਵਰਗੇ,
ਵਿਚ ਖੇਡਾਂ ਦੇ 'ਹਿੰਮਤ' ਵਿਖਾਣ ਵਾਲੇ।
'ਜੈਮਲ', 'ਲਾਭ' ਤੇ 'ਮਾਲਕ' 'ਫ਼ਕੀਰ' ਜੇਹੇ,
ਚੇਹਰੇ ਵਾਂਗ 'ਮਾਹਤਾਬ' ਖਿੜਾਣ ਵਾਲੇ।
'ਪੂਰਨ' ਪੁਰਖ 'ਨਗਿੰਦਰ' 'ਹਜ਼ੂਰ' ਵਰਗੇ,
'ਗਿਆਨੀ' 'ਚਾਨਣ' ਗਿਆਨ ਦਾ ਪਾਣ ਵਾਲੇ।
ਹਾਏ ! ਸੱਟ ਵਿਛੋੜੇ ਦੀ ਦੇਣ ਲਗੇ,
ਸਾਨੂੰ ਛਡ ਹਨੇਰੇ 'ਚ ਜਾਣ ਵਾਲੇ।

ਅੱਛਾ ਕੁਝ ਪ੍ਰਵਾਹ ਨਹੀਂ ਜਾਓ ਬੇਸ਼ੱਕ,
'ਗੁਰੂ ਬਖ਼ਸ਼ੇ' ਤੁਸਾਂ ਨੂੰ ਪਾਸ ਹੋਣਾ।
ਸਾਡੀ ਬੇਨਤੀ ਇਹ 'ਨਿਰੰਕਾਰ' ਤਾਈਂ,
ਪਵੇ ਕਦੀ ਨਾ ਤੁਹਾਨੂੰ ਨਿਰਾਸ ਹੋਣਾ।

ਸਾਡੀ ਭਾਵਨੀ ਹੈ ਸਾਈਆਂ ਪਾਸ ਹੋ ਕੇ,
ਕਦੀ ਫੇਰ ਵੀ ਦਰਸ ਦਿਖਾਵਣਾ ਜੇ।
ਕਰ ਕੇ ਜੇਹੜੇ ਬਗ਼ੀਚੇ ਦੀ ਸੈਰ ਚਲੇ,
ਲੈਣ ਓਸ ਦੀ ਸਾਰ ਨੂੰ ਆਵਣਾ ਜੇ।
ਸੁਕੇ ਜਾਂਵਦੇ ਪ੍ਰੇਮ ਦੇ ਬੂਟਿਆਂ ਨੂੰ,
ਪਾਣੀ ਦਰਸ਼ਨਾਂ ਦਾ ਆ ਕੇ ਪਾਵਣਾ ਜੇ।
ਇਹਦੀ ਸ਼ਾਨ ਨੂੰ ਹੋਰ ਚਮਕਾਉਣ ਖ਼ਾਤਰ,
ਫੁੱਲ-ਦਾਰ ਬੂਟੇ ਹੋਰ ਲਾਵਣਾ ਜੇ।

ਦੂਰ ਦਿਲਾਂ ਤੋਂ ਏਸ ਨੂੰ ਰੱਖਣਾ ਨਾ,
ਨੇੜੇ ਹੋਵੇ ਜਾਂ ਵਸਦੇ ਦੂਰ ਹੋਵੇ।
ਸੁਖਾਂ ਸੁਖਦੇ ਰਹਾਂਗੇ ਨਿਤ ਅਸੀਂ,
ਜਿਥੇ ਚਲੇ ਹੋ ਸਭ ਮਨਜ਼ੂਰ ਹੋਵੇ।

ਦਿਲ ਚਾਹੁੰਦਾ ਏ ਤੁਸਾਂ ਨਾਲ ਵੀਰੋ,
ਗਲਾਂ ਆਖ਼ਰੀ ਇਕ ਦੋ ਚਾਰ ਕਰ ਲਾਂ।
ਘੁਟ ਘੁਟ ਕੇ ਜਫੀਆਂ ਪਾ ਲਵਾਂ,
ਗਲੇ ਲਗ ਕੇ ਕੁਝ ਪਿਆਰ ਕਰ ਲਾਂ।
ਹਫ਼ਤੇ ਵਾਰ, ਮਾਹਵਾਰ ਜਾਂ ਸਾਲ ਮਗਰੋਂ,
ਦਰਸ ਲੈਣ ਦਾ ਪੱਕਾ ਇਕਰਾਰ ਕਰ ਲਾਂ।
ਖ਼ਬਰੇ ਹੋਣ ਨਾ ਹੋਣ ਨਸੀਬ ਪਿਛੋਂ,
ਰਜ ਰਜ ਕੇ ਅਜ ਦੀਦਾਰ ਕਰ ਲਾਂ।

ਆਖਾਂ 'ਗੁਡਬਾਈ' ਇਹ ਅਸੀਸ ਦੇ ਕੇ,
ਸ਼ਾਲਾ! ਸਾਰਿਆਂ ਦੇ ਸਾਰੇ ਪਾਸ ਹੋਵੇ।
ਬਣ ਕੇ ਵਿਦਿਆ ਦੇ ਸਾਰੇ ਚੰਦ 'ਤਾਰੇ',
ਡਲ੍ਹਕਾਂ ਮਾਰਦੇ ਵਿਚ ਆਕਾਸ਼ ਹੋਵੇ।

ਬੱਚੀ ਦਾ ਵਿਛੋੜਾ

ਗੁਝੀ ਗਲ ਨਹੀਂ ਇਹ ਜਹਾਨ ਅੰਦਰ,
ਸਦਾ ਰਹਿਣ ਨਾ ਨਾਲ ਪਰਵਾਰ ਧੀਆਂ ।
ਵਡੇ ਵਡਿਆਂ ਰਾਜਿਆਂ ਰਾਣਿਆਂ ਨੇ,
ਨਹੀਂ ਰਖੀਆਂ ਕਿਸੇ ਨੇ ਘਾਰ ਧੀਆਂ ।
ਵੇਲੇ ਆਪਣੇ ਆਪਣੇ ਸਾਰੀਆਂ ਹੀ,
ਛੋੜ ਜਾਂਦੀਆਂ ਤੋੜ ਪਿਆਰ ਧੀਆਂ ।
ਵਾਂਗ ਬੁਲਬੁਲਾਂ ਬਾਗ਼-ਪਰਵਾਰ ਅੰਦਰ,
ਚਾਰ ਦਿਨ ਹੀ ਰਖਣ ਬਹਾਰ ਧੀਆਂ ।

ਧੀਆਂ ਵਾਲਿਆਂ ਤੋਂ ਯਾਰੋ ਪੁਛ ਵੇਖੋ,
ਕਿੱਡਾ ਹੋਂਵਦਾ ਦੁਖ ਵਿਛੋੜਿਆਂ ਦਾ ।
ਵਡੇ ਦਿਲਾਂ ਵਾਲੇ ਭਾਵੇਂ ਸਹਿ ਲੈਂਦੇ,
ਬੁਰਾ ਹਾਲ ਹੋਂਦਾ ਦਿਲਾਂ ਥੋੜਿਆਂ ਦਾ ।

ਹੋਂਦਾ ਬਚੜੀ ਤਾਂਈਂ ਰਵਾਨ ਤਕ ਕੇ,
ਸਾਡੇ ਦਿਲ ਥੋੜੇ ਥੋੜੇ ਹੋਏ ਜਾਂਦੇ ।
ਭਾਵੇਂ ਹੰਝੂਆਂ ਨਾਲ ਪਏ ਧੋਂਵਦੇ ਹਾਂ,
ਨਹੀਂ ਇਹ ਦਾਗ਼ ਜੁਦਾਈ ਦੇ ਧੋਏ ਜਾਂਦੇ ।
ਵੱਟਾ ਦਿਲ ਤੇ ਰਖ ਕੇ ਸਹਿ ਰਹੇ ਹਾਂ,
ਨਹੀਂ ਇਹ ਰੋਣੇ ਵਿਛੋੜੇ ਦੇ ਰੋਏ ਜਾਂਦੇ ।

ਟੁਟੇ ਹਾਰ 'ਚੋਂ ਬਿਖਰੇ ਹੋਏ ਮੋਤੀ,
ਮੁੜ ਕੇ ਕਿਸਮਤਾਂ ਨਾਲ ਪਰੋਏ ਜਾਂਦੇ।

ਧੀਏ ਤੇਰੇ ਵਿਛੋੜੇ ਦਾ ਦਰਦ ਡਾਢਾ,
ਨਾਲ ਲਾਡਾਂ ਪਿਆਰਾਂ ਦੇ ਪਲੀ ਸੈਂ ਤੂੰ।
ਸਾਡੇ ਮਹਿਕਦੇ ਬਾਗ਼-ਪਰਵਾਰ ਸੰਦੀ,
ਸੁੰਦਰ ਟਹਿਕਦੀ ਮਹਿਕਦੀ ਕਲੀ ਸੈਂ ਤੂੰ।

ਜਦੋਂ ਭਠੀ ਤੇ ਦਾਣੇ ਭੁਨਾਣ ਜਾਵੇਂ,
ਬਣ ਬੈਠਦੀ ਸੈਂ ਮਾਲਕ ਦਾਣਿਆਂ ਦੀ।
ਹਥੀਂ ਆਪਣੀ ਵੰਡ ਕੇ ਦੇਂਵਦੀ ਸੈਂ,
ਆਵੇ ਚੀਜ਼ ਬਾਹਰੋਂ ਜੋ ਦੋ ਆਨਿਆਂ ਦੀ।
ਕਦੀ ਕਵ੍ਹੇਂ ਇਹ ਮਝ ਇਹ ਗਾਂ ਮੇਰੀ,
ਮਾਲਕ ਬਣੇਂ ਅਲਮਾਰੀ ਦੇ ਖ਼ਾਨਿਆਂ ਦੀ।
ਐਵੇਂ ਭੋਲੀਏ ਆਪਣਾ ਸਮਝਦੀ ਰਹੀ,
ਤੂੰ ਸੈਂ ਆਪ ਅਮਾਨ ਬੇਗਾਨਿਆਂ ਦੀ।

ਜਿਸ ਨੂੰ ਆਪਣਾ ਘਰ ਤੂੰ ਸਮਝਦੀ ਰਹੀ,
ਇਹ ਸੀ ਪਾਠਸ਼ਾਲਾ ਤੇਰੇ ਪੜ੍ਹਨ ਵਾਲੀ।
ਤੈਨੂੰ ਪਤਾ ਨਹੀਂ ਇਹ ਟਕਸਾਲ ਹੈ ਸੀ ?
ਤੇਰੇ ਚੱਜਾਂ ਅਚਾਰਾਂ ਨੂੰ ਘੜਨ ਵਾਲੀ।

ਧੀਏ ਪਿਆਰੀਏ ਵਿਛੜ ਕੇ ਜਾਂਦੀਏ ਨੀ,
ਪੱਲੇ ਬੰਨ੍ਹ ਲੈ ਜਾਵੀਂ ਦੋ ਚਾਰ ਮੱਤਾਂ।

ਅਗੇ ਜਾਇ ਕੇ ਆਵਸਣ ਕੰਮ ਤੇਰੇ,
ਤੈਨੂੰ ਦਿਆਂਗਾ ਜੋ ਟੁਰਦੀ ਵਾਰ ਮਤਾਂ।
ਹੋਸਣ ਮਾਂ ਵਲੋਂ ਤੇ ਕੁਝ ਵੀਰ ਵਲੋਂ,
ਤੇਰੇ ਗਲ ਪਾਸਾਂ ਮੈਂ ਭੀ 'ਹਾਰ' ਮਤਾਂ।
ਸੁਖੀ ਰਵ੍ਹੇਂਗੀ ਇਨ੍ਹਾਂ ਤੇ ਟੁਰੇਂਗੀ ਜੇ,
ਦੁਖੀ ਹੋਸੇਂ ਜੇ ਦੇਸੇਂ ਵਿਸਾਰ ਮਤਾਂ।

ਕੱਲੀ ਚਲੀ ਹੈਂ ਸੰਗ ਨਹੀਂ ਅਸਾਂ ਜਾਣਾ,
ਸਾਥ ਜਾਣਗੇ ਕਰਮ ਐਮਾਲ ਤੇਰੇ।
ਕਰਮਾਂ ਵਾਲੀਏ ਬਚੀਏ ਰਵ੍ਹੇਂ ਰਾਜ਼ੀ,
ਸਦਾ ਕਲਗੀਆਂ ਵਾਲਾ ਹੈ ਨਾਲ ਤੇਰੇ।

ਬੱਚੀ ਨੂੰ ਅਮੋਲਕ ਸਿਖਿਆ

ਜੰਮੀ, ਪਲੀ ਤੇ ਖੇਡੀ ਸੈਂ ਗੋਦ ਸਾਡੀ,
ਬੇਸ਼ੱਕ ਸਾਡੀ ਹੀ ਬੱਚੀ ਹੈਂ ਪਿਆਰੀਏ ਨੀ।
ਮਾਪੇ ਅਸੀਂ ਤੇਰੇ, ਤੂੰ ਹੈਂ ਧੀ ਸਾਡੀ,
ਭਾਵੇਂ ਠੀਕ ਹੈ ਇਹ ਭੀ ਦੁਲਾਰੀਏ ਨੀ।
ਐਪਰ ਅਸੀਂ ਹਾਂ ਕੂੜ ਦੇ ਸਾਕ ਤੇਰੇ,
ਕਾਹਨੂੰ ਕੂੜ ਤੇਰੇ ਅੱਗੇ ਮਾਰੀਏ ਨੀ।
ਕੂੜਾ ਮਾਣ ਅਸਾਡਾ ਨ ਕਰੀਂ ਬੀਬੀ,
ਸਦਾ ਮਾਲਕਾਂ ਦੇ ਅੱਗੇ ਹਾਰੀਏ ਨੀ।

ਜਿਸ ਦੇ ਪਲੜੇ ਲਗੀ ਹੈਂ ਬੀਬੀਏ ਨੀ,
ਇਹੀ ਅੰਗ ਤੇਰਾ ਇਹੀ ਸਾਕ ਤੇਰਾ।
ਸੇਵਾ ਇਸੇ ਦੀ ਕਰੀਂ ਰਿਝਾਵੀਂ ਇਹਨੂੰ,
ਸਾਡੇ ਨਾਲ ਹਿਸਾਬ ਬੇਬਾਕ ਤੇਰਾ।

ਇਸ ਦੀ ਮਾਂ ਨੂੰ ਆਪਣੀ ਮਾਤ ਜਾਣੀਂ,
ਇਸ ਦ ਪਿਤਾ ਨੂੰ ਪਿਤਾ ਸਮਾਨ ਸਮਝੀਂ।
ਇਸ ਦੇ ਭੈਣਾਂ ਭਰਾਵਾਂ ਨੂੰ ਜਾਣ ਅਪਣਾ,
ਸੇਵਾ ਇਨ੍ਹਾਂ ਦੀ ਧਰਮ ਈਮਾਨ ਸਮਝੀਂ।
ਇਸ ਦੀ ਹਾਨ ਨੂੰ ਆਪਣੀ ਹਾਨ ਸਮਝੀਂ,
ਇਸ ਦੀ ਸ਼ਾਨ ਨੂੰ ਆਪਣੀ ਸ਼ਾਨ ਸਮਝੀਂ।

ਜੇਕਰ ਪੇਕਿਆਂ ਦੀ ਪੱਤ ਰਖਣੀ ਊਂ,
ਸਦਾ ਪਤੀ ਨੂੰ ਰੱਬ ਭਗਵਾਨ ਸਮਝੀਂ ।

ਤੈਨੂੰ ਤੂੰ ਤੂੰ ਕਹਿ ਕੇ ਬੁਲਾਏ ਕੋਈ,
ਤੇਰਾ ਫ਼ਰਜ਼ ਹੈ ਨਿੱਤ ਤੂੰ 'ਜੀ' ਆਖੇਂ ।
ਤੇਰੇ ਚੰਮ ਦੇ ਜੋੜੇ ਸਵਾਏ ਜੇਕਰ,
ਤੂੰ ਨ ਭੁਲ ਕੇ ਕਦੀ ਭੀ 'ਸੀ' ਆਖੇਂ ।

ਮਨਾਂ ਟੁੱਟਿਆਂ ਨੂੰ ਸਾਬਤ ਕਰਨ ਵਾਲੇ,
ਮਿੱਠੇ ਕੋਇਲ ਸਮਾਨ ਤੂੰ ਬੋਲ ਬੋਲੇਂ ।
ਸਦਾ ਬੋਲੋਂ-ਕਬੋਲੋਂ ਵਿਕਾਰ ਵੱਧਣ,
ਨਾ ਤੂੰ ਭੁੱਲ ਕੇ ਬੋਲ-ਕਬੋਲ ਬੋਲੇਂ ।
ਸੌਂਹ ਪਾ ਲੈ, ਪੇਕਿਆਂ ਸਾਹੁਰਿਆਂ ਦੀ,
ਕੋਈ ਚੁਗ਼ਲੀ ਨ ਕਿਸੇ ਦੇ ਕੋਲ ਬੋਲੇਂ ।
ਝੂਠੀ ਗੱਲ, ਇਤਬਾਰ ਗੰਵਾ ਦੇਵੇ,
ਸਦਾ ਸੱਚ ਬੋਲੇਂ ਤੋਲ ਤੋਲ ਬੋਲੇਂ ।

ਵਸ ਕਰੇਂਗੀ ਅਪਣੀ ਜ਼ਬਾਨ ਜੇ ਕਰ,
ਤੇਰੇ ਵਸ ਵਿਚ ਸਾਰਾ ਜਹਾਨ ਹੋਸੀ।
ਜੇ ਤੂੰ ਜੀਭ ਨੂੰ ਜ਼ਰਾ ਭੀ ਵਧ ਕੀਤਾ,
ਤੇਰਾ ਬਚੀਏ ਬੜਾ ਨੁਕਸਾਨ ਹੋਸੀ।

ਅਪਣੇ ਪਤੀ ਪਿਆਰੇ ਦੇ ਸੰਗ ਰਹਿ ਕੇ,
ਇਸ ਸੰਸਾਰ ਦੇ ਫ਼ਰਜ਼ ਨਿਭਾਈ ਜਾਣਾ ।

ਚਪੂ ਧਰਮ, ਸਚਾਈ ਤੇ ਸਿਦਕ ਵਾਲੇ,
ਲਾ ਕੇ ਗ੍ਰਹਿਸਤ ਦਾ ਬੇੜਾ ਚਲਾਈ ਜਾਣਾ
ਇਨ੍ਹਾਂ ਧੰਧਿਆਂ ਫੰਧਿਆਂ ਵਿਚ ਰਹਿ ਕੇ,
ਸਿਰਜਣਹਾਰ ਨ ਮਨੋਂ ਭੁਲਾਈ ਜਾਣਾ।
ਸ਼ੁਭ ਗੁਣਾਂ ਸਿਆਣਪਾਂ ਅਕਲਾਂ ਨਾਲ,
ਪਤੀ-ਘਰ ਸਵਰਗ ਬਣਾਈ ਜਾਣਾ।

ਰਖੇ ਲਾਜ ਜਿਹੜੀ ਜਣਨੇ ਵਾਲਿਆਂ ਦੀ,
ਹਵੇ ਇਹੋ ਜਹੀ ਬਚੀਏ ਰਹਿਣੀ ਤੇਰੀ।
ਸ਼ਾਬਾ ਤੈਨੂੰ ਭੀ ਹੋਵੇ ਤੇ ਨਾਲੇ ਸਾਨੂੰ,
ਹੋਵੇ ਇਹੋ ਜਿਹੀ ਕਰਨੀ ਤੇ ਕਹਿਣੀ ਤੇਰੀ।

ਪਿਆਰ ਦੇ ਹੰਝੂ

ਜੇ. ਏ. ਵੀ. ਕਲਾਸ ੧੯੨੯-੩੦ ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ
ਦੇ ਨਾਭਾ ਹੋਸਟਲ ਨਿਵਾਸੀ ਆਪਣੇ ਸਾਥੀ ਵਿਦਿਆਰਥੀਆਂ
ਦੇ ਵਿਛੜਨ ਸਮੇਂ ਛਮ ਛਮ ਵਗਾਏ ਗਏ

ਕੈਸਾ ਸਮਾਂ ਅਸਾਡਾ ਸੀ 'ਭਾਗ' ਭਰਿਆ,
ਆ ਕੇ ਜੁੜੇ ਸਾਂ ਜਦੋਂ ਪਰਵਾਰ ਵਾਂਙੂ।
ਅਸੀਂ ਬੁਲਬਲਾਂ ਭੌਰਿਆਂ ਵਾਂਙ ਹੈ ਸਾਂ,
ਕਾਲਜ ਸਮਝਦੇ ਸਾਂ ਇਕ ਗੁਲਜ਼ਾਰ ਵਾਂਙੂ।
ਚੋਗ ਵਿਦਿਆ ਦੇ ਅਨਵਿਧ ਮੋਤੀਆਂ ਦਾ,
ਚੁਗਣ ਆਏ ਸਾਂ ਹੰਸਾਂ ਦੀ ਡਾਰ ਵਾਂਙੂ।
'ਉੱਤਮ' ਲੜੀ ਦੇ ਵਿਚ ਪਰੋਏ ਗਏ ਸਾਂ,
'ਸੁੰਦਰ' ਸੋਹਣਿਆਂ ਫੁੱਲਾਂ ਦੇ ਹਾਰ ਵਾਂਙੂ।

ਨਹੀਂ ਸੀ ਪਤਾ ਕਿ ਹਾਰ ਕੇ ਹਾਰ ਸਾਡਾ,
ਟੁਟ ਜਾਇਗਾ ਚਵ੍ਹੀਆਂ ਮਹੀਨਿਆਂ ਵਿਚ।
ਪੱਤੀ ਪੱਤੀ ਇਸ ਹਾਰ ਦੀ ਵੱਖ ਹੋ ਕੇ,
ਲਾਸੀ ਤੀਰ ਵਿਛੋੜੇ ਦੇ ਸੀਨਿਆਂ ਵਿਚ।

ਮੂਰਤ ਖ਼ਾਲਸਾ ਕਾਲਜ ਦੀ ਚਿਰਾਂ ਤੀਕਣ,
ਫਿਰਦੀ ਰਹੇਗੀ ਸਾਡੇ ਖ਼ਿਆਲ ਦੇ ਵਿਚ।

ਸਾਡਾ ਖਾਵਣਾ, ਪੀਵਣਾ, ਖੇਡਣਾ ਇਹ,
ਸਾਡਾ ਨ੍ਹਾਉਣਾ 'ਕਠਿਆਂ ਤਾਲ ਦੇ ਵਿਚ।
ਮਿਠੇ ਗੀਤ ਗੋਬਿੰਦ ਦੇ ਗਾਵਣੇ ਇਹ,
ਸੁਬ੍ਹਾ ਸ਼ਾਮ ਜਾ ਕੇ ਧਰਮਸਾਲ ਦੇ ਵਿਚ।
ਕੱਠ ਵਿਚ ਸਕੂਲਾਂ ਪੜ੍ਹਾਣ ਜਾਣਾ,
ਇਮਤਿਹਾਨ ਕੱਠਾ ਦੇਣਾ ਹਾਲ ਦੇ ਵਿਚ।

ਸਾਡਾ ਕਠਾ ਸਕਾਊਟਿੰਗ ਦਾ ਕੈਂਪ ਲਾ ਕੇ,
ਲਾਣਾ ਦਿਲ ਸਾਡਾ 'ਹਰਦਿਆਲ' ਦ ਵਿਚ।
ਜ਼ਰਾ ਜਿੰਨੀ ਜੇ ਲੱਗਣੀ ਸਟ ਸਾਨੂੰ,
ਜਾ ਕੇ ਪੁਜਣਾ ਝਟ ਹਸਪਤਾਲ ਦੇ ਵਿਚ।

ਯਾਦ ਰਹਿਣਗੇ 'ਬਚਨ' 'ਗੁਰਬਚਨ' ਵਾਲੇ,
'ਈਸ਼ਰ' 'ਬਿਸ਼ਨ' 'ਭਗਵਾਨ' ਨੂੰ ਭੁਲਾਂਗੇ ਨਾ।
'ਚਾਨਣ' ਸਾਰਿਆਂ ਦਿਲਾਂ ਤੇ ਕਰਨ ਵਾਲੇ,
'ਸੋਹਣ' 'ਠਾਕਰ' ਤੇ 'ਭਾਨ' ਨੂੰ ਭੁਲਾਂਗੇ ਨਾ।
'ਪੋਲੋ' ਹਾਕੀ ਦੇ ਉਚ ਖਿਡਾਰੀਆਂ ਤੇ,
'ਪਿਸ਼ਉਰਾ ਸਿੰਘ' ਜਵਾਨ ਨੂੰ ਭੁਲਾਂਗੇ ਨਾ।
ਮਸਤੀ ਵਿਚ ਸੰਸਾਰ ਦੀ ਮਸਤ ਹੋ ਕੇ,
'ਰਾਮ' 'ਚਰਨ' 'ਮਸਤਾਨ' ਨੂੰ ਭੁਲਾਂਗੇ ਨਾ।

ਮਨਮੋਹਣੀਆਂ ਗੱਲਾਂ ਸੁਨਾਣ ਵਾਲੇ,
ਸਾਨੂੰ ਪਿਆਰੇ 'ਮਹਿੰਦਰ' ਦੀ ਯਾਦ ਰਹਿਸੀ।
ਫ਼ੁਟ ਬਾਲ ਨੂੰ ਕਿਕਾਂ ਲਗਾਣ ਵਾਲੇ,
ਸਾਨੂੰ ਸਦਾ 'ਜੋਗਿੰਦਰ' ਦੀ ਯਾਦ ਰਹਿਸੀ।

ਸਾਡਾ ਮਾਟੋ ਹੈ ਵਿਛੜ ਕੇ ਜਾਂਦਿਆਂ ਦਾ,
ਕਾਲਜ ਲਈ ਕੁਝ ਕਰ ਕੇ ਵਿਖਾ ਦਿਆਂਗੇ।
ਅਕ੍ਰਿਤਘਣਾਂ 'ਚ ਕਿਤੇ ਨਾ ਜਾਂ ਲਿਖੇ,
ਇਸ ਦੇ ਨਹੀਂ ਉਪਕਾਰ ਭੁਲਾ ਦਿਆਂਗੇ।
ਅਪਣੇ ਕਾਲਜ ਪਿਆਰੇ ਦੀ ਸ਼ਾਨ ਤਾਈਂ,
ਰੋਸ਼ਨ 'ਭਾਨ' ਸਮਾਨ ਬਣਾ ਦਿਆਂਗੇ।
ਦੂਰ ਇਹਦੀਆਂ ਔਕੜਾਂ ਕਰਨ ਖ਼ਾਤਰ,
ਲੋੜ ਪਈ ਤਾਂ ਜਾਨ ਘੁਮਾ ਦਿਆਂਗੇ।

ਇਹਦੇ ਗੁਣਾਂ ਦੀ ਆਪ ਮਿਸਾਲ ਬਣ ਕੇ,
ਗ਼ੈਰ ਦਿਲਾਂ 'ਚ ਸਿਕੇ ਜਮਾ ਦਿਆਂਗੇ।
ਵੇਲਾ ਆਵੇਗਾ, ਇਹਦਿਆਂ ਨਿੰਦਕਾਂ ਨੂੰ,
ਅਸੀਂ ਦਿਨੇ ਹੀ 'ਤਾਰੇ' ਵਿਖਾ ਦਿਆਂਗੇ।

ਬਣ ਕੇ ਮਾਸਟਰ ਕੌਮ ਦੇ ਬਚਿਆਂ ਦੇ,
ਅਸੀਂ ਹਰਾ 'ਹਰਬੰਸ' ਨੂੰ ਕਰ ਦਿਆਂਗੇ।
ਵਿਦਿਆ ਨਾਲ ਪਿਆਰ ਤੇ ਸਿਦਕ ਸਿਖੀ,
ਕੁਟ ਕੁਟ ਕੇ ਦਿਲਾਂ 'ਚ ਭਰ ਦਿਆਂਗੇ।
'ਬਿਨਾ ਵਿਦਿਆ ਕੌਮ ਦੀ ਉੱਨਤੀ ਨਹੀਂ',
ਜਾ ਕੇ ਇਹੋ ਹੋਕਾ ਘਰ ਘਰ ਦਿਆਂਗੇ।
'ਤੇਜਾ ਸਿੰਘ' 'ਨਰਿੰਜਨ' ਦੀ ਲੈ ਮੂਰਤ,
ਜਾ ਕੇ ਬਚਿਆਂ ਦੇ ਸਾਹਵੇਂ ਧਰ ਦਿਆਂਗੇ।

ਇਹੋ ਆਦ੍ਰਿਸ਼ ਪੰਥ ਭਲਾਈ ਵਾਲਾ,
ਲੈ ਕੇ ਖ਼ਾਲਸਾ ਕਾਲਜ 'ਚੋਂ ਜਾ ਰਹੇ ਹਾਂ।
ਡੋਲ੍ਹ ਡੋਲ੍ਹ ਕੇ ਅਥਰੂ ਪਿਆਰ ਵਾਲੇ,
ਜਾਂਦੀ ਵਾਰ ਦੀ ਫ਼ਤਹ ਬੁਲਾ ਰਹੇ ਹਾਂ।

ਕੁਝ ਸੁਨਹਿਰੀ ਅਸੂਲ

ਬੀਬੀ ਇਕਬਾਲ ਕੌਰ ਸਪੁਤਰੀ ਸਰਦਾਰ ਮਖਣ ਸਿੰਘ ਜੀ ਸਾਹਣੀ
ਗੁਜਰਖ਼ਾਨ ਦੇ ਸੁਭਾਗ ਅਨੰਦ ਕਾਰਜ ਸਮੇਂ ਅਰਪਨ ਕੀਤੇ ਗਏ

ਭੈਣੇਂ ਐਸੇ ਅਸੂਲ ਬਣਾਇਆ ਕਰੀਂ,
ਅਪਣੇ ਮਾਲਿਕ ਨੂੰ ਮਨੋਂ ਨਾ ਭੁਲਾਇਆ ਕਰੀਂ।

ਜਾ ਰਹੀ ਏਂ ਸਾਹੁਰੇ, ਘਰ ਮਾਪਿਆਂ ਦਾ ਛੋੜ ਕੇ।
ਸਾਕ ਤੇ ਸਬੰਧ ਕੂੜੇ, ਇਸ ਜਗ੍ਹਾ ਦੇ ਤੋੜ ਕੇ।
ਪ੍ਰੀਤ ਪ੍ਰੀਤਮ ਜੀ ਦੇ, ਚਰਨਾਂ ਨਾਲ ਅਜ ਤੋਂ ਜੋੜ ਕੇ।
ਪਤੀ ਚਰਨਾਂ 'ਚ ਸੀਸ ਨਿਵਾਇਆ ਕਰੀਂ,
ਭੈਣੇ ਐਸੇ ਅਸੂਲ ਬਣਾਇਆ ਕਰੀਂ।
ਅਪਣੇ ਮਾਲਕ ਨੂੰ ਮਨੋਂ ਨਾ ਭੁਲਾਇਆ ਕਰੀਂ।

ਮਾਪਿਆਂ ਦਾ ਮਾਣ ਕੂੜਾ, ਭੁਲ ਨਾ ਕਰੀਏ ਭੋਲੀਏ।
ਲੜ ਜਿਨ੍ਹਾਂ ਦੇ ਲਗੀਏ, ਤਨ ਮਨ ਉਨ੍ਹਾਂ ਤੋਂ ਘੋਲੀਏ।
ਨਿਵੀਏਂ ਤੇ ਹਾਰੀਏ, ਉੱਚਾ ਨਾ ਓਥੇ ਬੋਲੀਏ।
ਸਦਾ ਉਨ੍ਹਾਂ ਦੇ ਹੀ ਗੁਣ ਗਾਇਆ ਕਰੀਂ,
ਭੈਣੇ ਐਸੇ ਅਸੂਲ ਬਣਾਇਆ ਕਰੀਂ।
ਅਪਣੇ ਮਾਲਕ ਨੂੰ ਮਨੋਂ ਨਾ ਭੁਲਾਇਆ ਕਰੀਂ।

ਬਚੀ ਸ੍ਰੀ ਦਸਮੇਸ਼ ਦੀ, ਕਲੀ ਹੈਂ ਸਿਖ ਗੁਲਜ਼ਾਰ ਦੀ।
ਸਿਖਾਂ ਵੀਰਾਂ ਦੀ ਭੈਣ ਹੈਂ, ਪੁਤਰੀ ਹੈਂ ਸਿਖ ਪਰਵਾਰ ਦੀ।
ਗੁਰਮੁਖ ਦੇ ਪੱਲੇ ਲਗੀ, ਇਹ ਮਿਹਰ ਹੈ ਕਰਤਾਰ ਦੀ।
ਸਿਖੀ ਸੰਗ ਸ੍ਵਾਸਾਂ ਨਿਭਾਇਆ ਕਰੀਂ,
ਭੈਣੇ ਐਸੇ ਅਸੂਲ ਬਣਾਇਆ ਕਰੀਂ।
ਅਪਣੇ ਮਾਲਕ ਨੂੰ ਮਨੋਂ ਨਾ ਭੁਲਾਇਆ ਕਰੀਂ।

ਪਾਠਸ਼ਾਲਾ ਇਹ ਤੇਰੀ, ਓਥੇ ਤਿਰਾ ਇਮਤਿਹਾਨ ਈ।
ਅਕਲ ਦਾਨਾਈ ਦੇ ਬਾਝੋਂ, ਮੁਸ਼ਕਲ ਇਹ ਮੈਦਾਨ ਈ।
ਵਸ ਤੇਰੇ ਬੀਬੀਏ, ਦੋਹਾਂ ਵਲਾਂ ਦੀ ਸ਼ਾਨ ਈ।
ਸੰਭਲ ਸੰਭਲ ਕੇ ਕਦਮ ਉਠਾਇਆ ਕਰੀਂ,
ਭੈਣੇ ਐਸੇ ਅਸੂਲ ਬਣਾਇਆ ਕਰੀਂ।
ਅਪਣੇ ਮਾਲਕ ਨੂੰ ਮਨੋਂ ਨਾ ਭੁਲਾਇਆ ਕਰੀਂ।

ਪਤੀ ਦੀ ਸੇਵ ਧਰਮ, ਤੇ ਇਹੋ ਤੇਰਾ ਈਮਾਨ ਈ।
ਇਹੋ ਹੀ ਤੇਰਾ ਸੰਤ ਸਾਧੂ, ਇਹ ਤੇਰਾ ਭਗਵਾਨ ਈ।
ਮਾਤ ਇਸ ਦੀ ਮਾਤ ਤੇ ਪਿਤਾ—ਪਿਤਾ ਸਮਾਨ ਈ।
ਇਨ੍ਹਾਂ ਸਭਨਾਂ ਦੀ ਸੇਵਾ ਕਮਾਇਆ ਕਰੀਂ,
ਭੈਣੇ ਐਸੇ ਅਸੂਲ ਬਣਾਇਆ ਕਰੀਂ।
ਅਪਣੇ ਮਾਲਕ ਨੂੰ ਮਨੋਂ ਨਾ ਭੁਲਾਇਆ ਕਰੀਂ।

ਜੀ, ਜੀ ਕਹਿ ਕੇ ਬੋਲਣਾ, ਜੀ, ਜੀ ਬੁਲਾਣਾ ਸਭ ਨੂੰ।
ਨਿੱਕਿਆਂ ਨੂੰ ਪ੍ਰੇਮ ਕਰ, ਅਪਣਾ ਬਨਾਣਾ ਸਭ ਨੂੰ।
ਵੱਡਿਆਂ ਨੂੰ ਆਦਰ ਨਾਲ ਨਿੱਤ, ਸਿਰ ਨਿਵਾਣਾ ਸਭ ਨੂੰ।
ਭੁੱਲ ਕੇ ਹਿਰਦਾ ਨਾ ਕੋਈ ਭੀ ਦੁਖਾਇਆ ਕਰੀਂ,

ਭੈਣੇ ਐਸੇ ਅਸੂਲ ਬਣਾਇਆ ਕਰੀਂ ।
ਅਪਣੇ ਮਾਲਕ ਨੂੰ ਮਨੋਂ ਨਾ ਭੁਲਾਇਆ ਕਰੀਂ ।

ਰਥ ਦੇ ਪਹੀਏ ਦੇ ਵਾਂਙੂੰ, ਮਿਲ ਕੇ ਚਲਣੀ ਚਾਲ ਈ ।
ਖਿੜੇ ਮੱਥੇ ਸਹਿ ਲਵੀਂ, ਦੁਖ ਸੁਖ ਪਤੀ ਦੇ ਨਾਲ ਈ ।
ਆਪਣਾ 'ਹਰਨਾਮ' ਇਸ ਵਿਚ ਸ਼ਾਨ ਤੇ 'ਇਕਬਾਲ' ਈ ।
ਮਿਲ ਕੇ ਗ੍ਰਹਿਸਤ ਦਾ ਬੇੜਾ ਚਲਾਇਆ ਕਰੀਂ,
ਭੈਣੇ ਐਸੇ ਅਸੂਲ ਬਣਾਇਆ ਕਰੀਂ ।
ਅਪਣੇ ਮਾਲਕ ਨੂੰ ਮਨੋਂ ਨਾ ਭੁਲਾਇਆ ਕਰੀਂ ।

ਇਹ ਸੁਨਹਿਰੀ ਸਿਖਿਆ, ਰਖਣੀ ਸਦਾ ਸੰਭਾਲ ਈ ।
ਵੀਰ ਵਲੋਂ ਆਖ਼ਰੀ, ਇਹ ਸਤਿ ਸ੍ਰੀ ਅਕਾਲ ਈ ।
ਕਲਗ਼ੀ ਵਾਲਾ ਸਤਿਗੁਰੂ, ਹਰ ਕਾਲ ਤੇਰੇ ਨਾਲ ਈ ।
ਜਪ ਕੇ ਆਪ 'ਹਰਨਾਮ' ਜਪਾਇਆ ਕਰੀਂ,
ਭੈਣੇ ਐਸਾ ਅਸੂਲ ਬਣਾਇਆ ਕਰੀਂ ।
ਅਪਣੇ ਮਾਲਕ ਨੂੰ ਮਨੋਂ ਨਾ ਭੁਲਾਇਆ ਕਰੀਂ ।

(ਸਮਾਪਤ)